# ਪੰਜਾਬ ਸਕੂਲ ਸਿੱਖਿਆ ਬੋਰਡ

## ਸੀਨੀਅਰ ਸੈਕੰਡਰੀ ਕੋਰਸ

## ਓਪਨ ਸਕੂਲ ਸਿੱਖਿਆ ਪ੍ਰਣਾਲੀ

## ਸੈਸ਼ਨ 2010-11

**(ੳ) ਅਕਾਦਮਿਕ ਪੱਖ**

**1. ਉਦੇਸ਼**

1.1 ਰਾਸ਼ਟਰੀ ਸਿੱਖਿਆ ਨੀਤੀ ਵਿਚਲੇ ਸਾਖਰਤਾ ਸਬੰਧੀ ਸੰਕਲਪ ਦੀ ਪ੍ਰਤੀ ਪੂਰਤੀ ਲਈ ਠੋਸ ਯਤਨ।

1.2 ਅਜਿਹੇ ਵਿਦਿਆਰਥੀਆਂ ਨੂੰ ਵਿੱਦਿਆ ਸਬੰਧੀ ਅਗਵਾਈ ਦੇਣਾ, ਜਿਹੜੇ ਸਿੱਖਿਆ ਪ੍ਰਣਾਲੀ ਰਾਹੀਂ ਕਿਸੇ ਕਾਰਨ ਵਿੱਦਿਆ ਪ੍ਰਾਪਤੀ ਤੋਂ ਵਾਂਝੇ ਰਹਿ ਜਾਂਦੇ ਹਨ।

1.3 ਸਿੱਖਿਆ ਦੀ ਮਨੁੱਖੀ ਜੀਵਨ ਵਿੱਚ ਨਿਰੰਤਰਤਾ ਕਾਇਮ ਕਰਨਾ।

1.4 ਚਿਰਕਾਲ ਤੋਂ ਚੱਲੀ ਆ ਰਹੀ ਰੂੜ੍ਹੀਵਾਦੀ ਅਧਿਆਪਕ ਕੇਂਦਰਤ ਪ੍ਰਣਾਲੀ ਵਿੱਚ ਕੁਝ ਕ੍ਰਾਂਤੀਕਾਰੀ ਪਰਿਵਰਤਨ ਕਰਕੇ ਸਵੈ-ਅਧਿਐਨ ਰਾਹੀਂ ਵਿਦਿਆਰਥੀਆਂ ਵਿੱਚ ਆਤਮ ਨਿਰਭਰਤਾ ਅਤੇ ਆਤਮ ਵਿਸ਼ਵਾਸ ਦੀ ਭਾਵਨਾ ਉਜਾਗਰ ਕਰਨਾ। ਮੌਲਿਕ ਚਿੰਤਨ, ਪਹਿਲ ਸ਼ਕਤੀ, ਕੰਮ ਕਰਨ ਵਿਚ ਸਵੈ-ਮਾਣ ਦੀ ਭਾਵਨਾ ਆਦਿ ਦਾ ਅਹਿਸਾਸ ਕਰਵਾ ਕੇ ਵਿਦਿਆਰਥੀਆਂ ਦੀ ਸ਼ਖਸੀਅਤ ਦਾ ਸਰਵ ਪੱਖੀ ਵਿਕਾਸ ਕਰਨਾ।

1.5 ਬਹੁਤ ਘੱਟ ਖਰਚੇ ਨਾਲ ਵਿੱਦਿਆ ਨੂੰ ਵਿਦਿਆਰਥੀ ਦੇ ਦਰੋ-ਦੀਵਾਰ ਤੱਕ ਪਹੁੰਚਾਉਣਾ।

1.6 ਭਾਰਤੀ ਸੰਵਿਧਾਨ ਵਿਚ ਦਰਜ ਸਮਾਨਤਾ ਦੇ ਅਧਿਕਾਰ ਦੀ ਪ੍ਰਤੀ-ਪੂਰਤੀ ਕਰਦੇ ਹੋਏ ਹਰੇਕ ਵਿਅਕਤੀ ਲਈ ਸਿੱਖਿਆ ਦੇ ਅਵਸਰ ਪ੍ਰਦਾਨ ਕਰਨਾ।

**2. ਤਰਜੀਹੀ ਵਿਦਿਆਰਥੀ ਵਰਗ**

2.1 ਨੌਕਰੀ ਪੇਸ਼ਾ ਲੜਕੇ/ਲੜਕੀਆਂ

2.2 ਸੇਵਾ ਕਰ ਰਹੇ ਫੌਜੀ ਅਤੇ ਨੀਮ ਫੌਜੀ ਬਲਾਂ ਦੇ ਜੁਆਨ ਅਤੇ ਹੋਰ ਕਰਮਚਾਰੀ।

2.3 ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਸਮਾਜ ਦੇ ਹੋਰ ਸੁਵਿਧਾਹੀਨ ਵਰਗ ਦੇ ਵਿਦਿਆਰਥੀ।

2.4 ਅਜਿਹੇ ਅਪੰਗ ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਕਠਿਨਾਈ ਮਹਿਸੂਸ ਕਰਦੇ ਹਨ।

2.5 ਕਿਸੇ ਵੀ ਕਾਰਨ ਪੜ੍ਹਾਈ ਛੱਡ ਚੁੱਕੇ ਵਿਦਿਆਰਥੀ।

**3. ਕੋਰਸ ਦਾ ਸਮਾਂ**

3.1 ਕੋਰਸ ਦਾ ਸਮਾਂ ਇੱਕ ਅਕਾਦਮਿਕ ਸਾਲ ਹੋਵੇਗਾ ਪਰੰਤੂ ਪੜ੍ਹਾਈ ਰੈਗੂਲਰ ਪ੍ਰੀਖਿਆਰਥੀਆਂ ਵਾਂਗ ਸਮੈਸਟਰ ਪ੍ਰਣਾਲੀ ਅਨੁਸਾਰ ਹੋਵੇਗੀ ਅਰਥਾਤ ਪਹਿਲਾ ਸਮੈਸਟਰ 1 ਅਪਰੈਲ ਤੋਂ 30 ਸਤੰਬਰ ਤੱਕ ਜਿਸ ਵਿੱਚ ਪਾਠਕ੍ਰਮ ਦਾ 40% ਭਾਗ

ਪੜ੍ਹਾਇਆ ਜਾਵੇਗਾ ਅਤੇ ਦੂਸਰਾ ਸਮੈਸਟਰ 1 ਅਕਤੂਬਰ ਤੋਂ 31 ਮਾਰਚ ਤੱਕ ਹੋਵੇਗਾ। ਜਿਸ ਵਿੱਚ ਪਾਠਕ੍ਰਮ ਦਾ 60% ਭਾਗ ਪੜ੍ਹਾਇਆ ਜਾਵੇਗਾ।

**4 ਦਾਖਲੇ ਲਈ ਯੋਗਤਾਵਾਂ:**

4.1 ਪੰਜਾਬ ਜਾਂ ਯੂ.ਟੀ. ਚੰਡੀਗੜ੍ਹ ਦਾ ਵਸਨੀਕ ਹੋਵੇ।

4.2 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕਰਨ ਤੋਂ ਬਾਅਦ ਪਹਿਲੀ ਸਲਾਨਾ ਪਰੀਖਿਆ ਦੇਣ ਵਾਲੇ ਸਾਲ ਤੱਕ ਘੱਟ ਤੋਂ ਘੱਟ ਦੋ ਅਕਾਦਮਿਕ ਸਾਲ ਦੀ ਵਿੱਥ ਰੱਖਦਾ ਹੋਵੇ।

**ਜਾਂ**

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਪਰੀਖਿਆ ਵਿੱਚ ਘੱਟੋ ਘੱਟ ਦੋ ਅਕਾਦਮਿਕ ਸਾਲ ਪਹਿਲਾਂ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ ਅਤੇ ਦਾਖਲਾ ਲੈਣ ਸਮੇਂ ਤੱਕ ਇਹ ਕੰਪਾਰਟਮੈਂਟ/ਰੀਅਪੀਅਰ ਪਾਸ ਕਰ ਲਈ ਹੋਵੇ।

**ਜਾਂ**

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਵਿੱਚੋਂ ਫੇਲ੍ਹ ਹੋ ਚੁੱਕਾ ਹੋਵੇ।

4.3 ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਯੋਜਿਤ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਜਾਂ ਇਸ ਤੋਂ ਉਚੇਰੀ ਪ੍ਰੀਖਿਆ ਸਮਾਨ ਗਰੁੱਪ ਨਾਲ ਪਾਸ ਨਾ ਕੀਤੀ ਹੋਵੇ।

4.4 ਵਿਦਿਆਰਥੀ ਨੂੰ ਉਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ, ਜਿਸ ਤਹਿਸੀਲ ਦਾ ਉਹ ਵਸਨੀਕ ਹੈ। ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸ ਦੀ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ ਉਸ ਦੇ ਨਿਵਾਸ ਸਥਾਨ ਤੋਂ 15 ਕਿ.ਮੀ. (ਸੜਕ ਰਸਤੇ ਰਾਹੀਂ) ਤੋਂ ਦੂਰ ਹੈ ਅਤੇ ਨੇੜੇ ਦੀ ਕਿਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. ਤੋਂ ਨੇੜੇ ਹੈ ਤਾਂ ਉਹ ਬੋਰਡ ਦੇ ਸਮਰਥ ਅਧਿਕਾਰੀ ਪਾਸੋਂ ਪ੍ਰਵਾਨਗੀ ਲੈ ਕੇ ਦੂਸਰੀ ਤਹਿਸੀਲ ਵਿੱਚ ਦਾਖਲਾ ਲੈ ਸਕਦਾ ਹੈ।

4.5 ਸਬੰਧਤ ਤਹਿਸੀਲ ਦੇ ਵਸਨੀਕ ਹੋਣ ਵਜੋਂ ਹੇਠ ਲਿਖੇ ਦਸਤਾਵੇਜ ਮੰਨਣਯੋਗ ਹੋਣਗੇ:

(ੳ) ਮਾਪਿਆ ਦਾ ਜਾਂ ਆਪਣਾ ਰਾਸ਼ਨ ਕਾਰਡ ਜੋ ਦਾਖਲੇ ਸਮੇਂ ਚਾਲੂ ਹਾਲਤ ਵਿੱਚ ਹੋਵੇ।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ

(ੲ) ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਮਰਥ ਅਧਿਕਾਰੀ ਦੁਆਰਾ ਜਾਰੀ ਸਰਟੀਫਿਕੇਟ ਜਿਥੇ ਵਿਦਿਆਰਥੀ ਨੌਕਰੀ ਕਰਦਾ ਹੋਵੇ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਜੋ ਸਬੰਧਤ ਪਿੰਡ ਦੇ ਸਰਪੰਚ, ਨਗਰ ਪਾਲਿਕਾ ਜਾਂ ਨਗਰ ਨਿਗਮ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ. ਜਿਸ ਉਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ ਹੋਵੇ।

## 5. ਜ਼ਿਲ੍ਹਾ ਕੋਡ

ਵੱਖ ਵੱਖ ਜ਼ਿਲਿਆਂ ਲਈ ਹੇਠ ਲਿਖੇ ਅਨੁਸਾਰ ਕੋਡ ਨਿਰਧਾਰਿਤ ਹਨ ਦਾਖਲਾ ਫਾਰਮ ਭਰਦੇ ਸਮੇਂ ਠੀਕ ਭਰਿਆ ਜਾਵੇ:

| ਜ਼ਿਲ੍ਹਾ | ਕੋਡ | | ਜ਼ਿਲ੍ਹਾ | ਕੋਡ | | ਜ਼ਿਲ੍ਹਾ | ਕੋਡ | |
|---|---|---|---|---|---|---|---|---|
| ਅੰਮ੍ਰਿਤਸਰ | 010 | | ਹੁਸ਼ਿਆਰਪੁਰ | 070 | | ਸ਼ਹੀਦ ਭਗਤ ਸਿੰਘ ਨਗਰ | 140 | |
| ਬਠਿੰਡਾ | 020 | | ਜਲੰਧਰ | 080 | | ਪਟਿਆਲਾ | 150 | |
| ਬਰਨਾਲਾ | 025 | | ਕਪੂਰਥਲਾ | 090 | | ਰੋਪੜ | 160 | |
| ਫਰੀਦਕੋਟ | 030 | | ਲੁਧਿਆਣਾ | 100 | | ਐਸ.ਏ.ਐਸ.ਨਗਰ | 165 | |
| ਫਤਿਹਗੜ੍ਹ ਸਾਹਿਬ | 040 | | ਮਾਨਸਾ | 110 | | ਸੰਗਰੂਰ | 170 | |
| ਫਿਰੋਜ਼ਪੁਰ | 050 | | ਮੋਗਾ | 120 | | ਤਰਨ ਤਾਰਨ | 175 | |
| ਗੁਰਦਾਸਪੁਰ | 060 | | ਸ੍ਰੀ ਮੁਕਤਸਰ ਸਾਹਿਬ | 130 | | ਚੰਡੀਗੜ੍ਹ | 180 | |

## 6. ਦਾਖਲਾ ਮਿਤੀਆਂ ਅਤੇ ਫੀਸਾਂ:

6.1 ਬਿਨਾਂ ਲੇਟ ਫੀਸ ਦਾਖਲੇ ਦੀ ਮਿਤੀ 10 *ਅਪਰੈਲ ਤੋਂ 25 ਅਪ੍ਰੈਲ ਤੱਕ 1300 ਰੁ: ਨਾਲ, 30 ਅਪ੍ਰੈਲ ਤੱਕ 250 ਰੁ:* ਲੇਟ ਫੀਸ ਨਾਲ

6.2 ਐਸ.ਸੀ./ ਬੀ.ਸੀ./ ਅਪੰਗ ਲੜਕੇ ਅਤੇ ਸਮੂਹ ਲੜਕੀਆਂ ਨੂੰ ਦਾਖਲਾ ਫੀਸ ਵਿਚ 50 ਰੁ: ਦੀ ਛੋਟ ਦਿੱਤੀ ਜਾਵੇਗੀ।

6.3 ਵਾਧੂ ਵਿਸ਼ਾ ਦਾਖਲਾ ਫੀਸ 150 ਰੁ: ਪ੍ਰਤੀ ਵਿਸ਼ਾ ਹੋਵੇਗੀ।

6.4 ਰਜਿਸਟਰੇਸ਼ਨ ਫੀਸ: ਨਵੀਂ ਰਜਿਸਟਰੇਸ਼ਨ ਲਈ ਜਾਂ ਰਜਿਸਟਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫੀਸ 75 ਰੁਪਏ ਪ੍ਰਤੀ ਵਿਦਿਆਰਥੀ। ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀ ਵਲੋਂ ਰਜਿਸਟਰੇਸ਼ਨ 250 ਰੁ: ਅਤੇ 100 ਰੁ: ਸਮਾਨਤਾ ਫੀਸ ਵਜੋਂ ਦਾਖਲਾ ਫੀਸ ਦੇ ਨਾਲ ਜਮ੍ਹਾਂ ਕਰਵਾਈ ਜਾਵੇ।

## 7. ਪੜ੍ਹਾਈ ਸਕੀਮ:

7.1 ਵਿਦਿਆਰਥੀ ਹਿਊਮੈਨਟੀਜ਼ ਅਤੇ ਕਾਮਰਸ ਗਰੁੱਪ ਵਿੱਚੋਂ ਕਿਸੇ ਇੱਕ ਗਰੁੱਪ ਦੀ ਚੋਣ ਕਰੇਗਾ।

7.2 ਪੜ੍ਹਾਈ ਵਿਸ਼ੇ:

(ੳ) ਲਾਜ਼ਮੀ ਵਿਸ਼ੇ ਸਾਰੇ ਗਰੁੱਪਾਂ ਦੇ ਵਿਦਿਆਰਥੀਆਂ ਲਈ ਹੇਠ ਲਿਖੇ ***ਚਾਰ ਵਿਸ਼ੇ*** ਲੈਣੇ ਲਾਜ਼ਮੀ ਹਨ:

(1) ਅੰਗਰੇਜ਼ੀ ਲਾਜ਼ਮੀ 001

(2) ਪੰਜਾਬੀ ਲਾਜ਼ਮੀ 002

(3) ਵਾਤਾਵਰਣ ਸਿੱਖਿਆ 139
(ਲਿਖਤੀ ਤੇ ਪ੍ਰਯੋਗੀ)

(4) ਕੰਪਿਊਟਰ ਸਾਇੰਸ 146

(ਅ) ਚੋਣਵੇਂ ਵਿਸ਼ੇ:

1 ਹਿਊਮੈਨੀਟੀਜ਼ ਗਰੁੱਪ (301) ਲਈ ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਤਿੰਨ ਵਿਸ਼ਿਆਂ ਦੀ ਚੋਣ ਕਰਨੀ ਹੋਵੇਗੀ:

| ਲੜੀ ਨੰ: | ਵਿਸ਼ਾ | ਵਿਸ਼ਾ ਕੋਡ | ਲੜੀ ਨੰ: | ਵਿਸ਼ਾ | ਵਿਸ਼ਾ ਕੋਡ |
|---|---|---|---|---|---|
| 01 | ਚੋਣਵੀਂ ਪੰਜਾਬੀ | 004 | 08 | ਗ੍ਰਹਿ ਵਿਗਿਆਨ (ਲਿਖਤੀ ਅਤੇ ਪ੍ਰਯੋਗੀ) | 045 |
| 02 | ਹਿੰਦੀ | 005 | 09 | ਖੇਤੀਬਾੜੀ (ਲਿਖਤੀ ਤੇ ਪ੍ਰਯੋਗੀ) | 065 |
| 03 | ਇਤਿਹਾਸ | 025 | 10 | ਸਰੀਰਕ ਸਿੱਖਿਆ ਅਤੇ ਖੇਡਾਂ (ਲਿਖਤੀ ਤੇ ਪ੍ਰਯੋਗੀ) | 049 |
| 04 | ਰਾਜਨੀਤੀ ਸ਼ਾਸਤਰ | 031 | 11 | ਕੰਪਿਊਟਰ ਐਪਲੀਕੇਸ਼ਨ (ਲਿਖਤੀ ਤੇ ਪ੍ਰਯੋਗੀ) | 074 |
| 05 | ਅਰਥ ਸ਼ਾਸਤਰ | 026 | 12 | ਸੰਗੀਤ (ਗਾਇਨ) ਲਿਖਤੀ ਤੇ ਪ੍ਰਯੋਗੀ | 036 |
| 06 | ਸਮਾਜ ਸ਼ਾਸਤਰ | 032 | 13 | ਸੰਗੀਤ (ਵਾਦਨ) ਲਿਖਤੀ ਤੇ ਪ੍ਰਯੋਗੀ | 037 |
| 07 | ਧਰਮ | 035 | 14 | ਸੰਗੀਤ (ਤਬਲਾ) ਲਿਖਤੀ ਤੇ ਪ੍ਰਯੋਗੀ) | 038 |

2 ਕਾਮਰਸ ਗਰੁੱਪ (302) ਲਈ ਹੇਠ ਲਿਖੇ ਚਾਰ ਵਿਸ਼ੇ:

| ਲੜੀ ਨੰ: | ਵਿਸ਼ਾ | ਵਿਸ਼ਾ ਕੋਡ | | ਲੜੀ ਨੰ: | ਵਿਸ਼ਾ | ਵਿਸ਼ਾ ਕੋਡ |
|---|---|---|---|---|---|---|
| 01 | ਬਿਜਨਸ ਸਟੱਡੀਜ਼ | 141 | | 03 | ਬਿਜ਼ਨਸ ਇਕਨੌਕਿਮਸ ਐਂਡ ਕੁਆਂਟੀਟੇਟਿਵ ਮੈਥਡਜ਼ | 143 |
| 02 | ਅਕਾਊਂਟੈਂਸੀ | 142 | | 04 | ਫੰਡਾਮੈਂਟਲ ਆਫ ਈ-ਬਿਜ਼ਨਸ | 144 |

## 8 ਕਰੈਡਿਟ ਕੈਰੀ ਸੁਵਿਧਾ

8.1 ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦਾ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਤੇ ਕਰੈਡਿਟ ਕੈਰੀ ਸੁਵਿਧਾ ਲੈ ਸਕਦਾ ਹੈ।

(ੳ) ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੀਨੀਅਰ ਸੈਕੰਡਰੀ ਕੋਰਸ ਜਾਂ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਫੇਲ੍ਹ ਹੋ ਚੁੱਕਾ ਹੋਵੇ ਜਾਂ ਉਸ ਵਿੱਚ ਪ੍ਰਾਪਤ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।

(ਅ) ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੀਨੀਅਰ ਸੈਕੰਡਰੀ ਜਾਂ ਨੈਸ਼ਨਲ ਇੰਸਟੀਚਿਊਟ ਆਫ ਓਪਨ; ਸਕੂਲਿੰਗ ਦੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਘੱਟੋ ਘੱਟ ਇੱਕ ਵਿਸ਼ਾ ਜ਼ਰੂਰ ਪਾਸ ਕੀਤਾ ਹੋਵੇ।

(ੲ) ਉਸੇ ਵਿਸ਼ੇ/ਵਿਸ਼ਿਆਂ ਦਾ ਹੀ ਕਰੈਡਿਟ ਕੈਰੀ ਕੀਤਾ ਜਾਵੇਗਾ ਜਿਹੜਾ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਾਗੂ ਸਬੰਧਤ ਜਮਾਤ ਦੀ ਪੰਜਾਬ ਓਪਨ ਸਕੂਲ ਦੀ ਸਕੀਮ ਆਫ ਸਟੱਡੀਜ਼ ਵਿੱਚ ਦਰਜ ਹੋਵੇਗਾ/ਹੋਣਗੇ।

8.2 ਪੰਜਾਬ ਸਕੂਲ ਸਿੱਖਿਆ ਬੋਰਡ ਦਾ ਫੇਲ੍ਹ ਵਿਦਿਆਰਥੀ ***ਸਮੈਸਟਰਵਾਰ*** ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਲੈ ਸਕਦਾ ਹੈ। ਇਹ ਲਾਭ ਦਾਖਲੇ ਵਾਲੇ ਸੈਸ਼ਨ ਤੋਂ ਪਿਛਲੇ ਪੰਜ ਸੈਸ਼ਨਾਂ ਵਿੱਚ ਬੋਰਡ ਦੁਆਰਾ ਆਯੋਜਿਤ ਪਰੀਖਿਆਵਾਂ ਲਈ ਹੀ ਦਿੱਤਾ ਜਾਵੇਗਾ। ਅਰਥਾਤ ਦਾਖਲਾ ਸਾਲ 2010-11 ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਇਹ ਲਾਭ ਮਾਰਚ/ਅਪਰੈਲ,2006 ਅਤੇ ਉਸ ਤੋਂ ਬਾਅਦ ਵਿਚ ਹੋਈਆਂ ਪ੍ਰੀਖਿਆਵਾਂ ਲਈ ਹੀ ਲੈ ਸਕਣਗੇ। ਪਰ ਐਨ.ਆਈ.ਓ.ਐਸ. ਦੇ ਪੰਜਾਬ ਰਾਜ ਅੰਦਰ ਸਥਿਤ ਅਧਿਐਨ ਕੇਂਦਰਾਂ ਦੇ ਫੇਲ੍ਹ ਵਿਦਿਆਰਥੀ ਸਿਰਫ ਦੋ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਦਾ ਲਾਭ ਲੈ ਸਕਦੇ ਹਨ, ਭਾਵ ਸ਼ੈਸਨ 2010-11 ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਮਾਰਚ/ਅਪ੍ਰੈਲ, 2006 ਅਤੇ ਉਸ ਤੋਂ ਬਾਅਦ ਵਾਲੀਆਂ ਪ੍ਰੀਖਿਆਵਾਂ ਲਈ ਹੀ ਲਾਭ ਲੈ ਸਕਣਗੇ।

8.3 ਕਰੈਡਿਟ ਕੈਰੀ ਕਰਨ ਵਾਲੇ ਵਿਸ਼ਿਆਂ ਦੀ ਚੋਣ ਵਿਦਿਆਰਥੀ ਦੁਆਰਾ ਕੀਤੀ ਜਾਵੇਗੀ।

8.4 ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਵਿਦਿਆਰਥੀ ਨੂੰ ਲਾਜ਼ਮੀ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ। ਲਾਜ਼ਮੀ ਪੰਜਾਬੀ, ਲਾਜ਼ਮੀ ਅੰਗਰੇਜ਼ੀ, ਵਾਤਾਵਰਨ ਸਿੱਖਿਆ ਅਤੇ ਕੰਪਿਊਟਰ ਸਿੱਖਿਆ ਦੇ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕਰਨੇ ਲਾਜ਼ਮੀ ਹੋਣਗੇ ਪਰੰਤੂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀ ਨੂੰ ਇਹ ਲਾਭ ਵੀ ਪ੍ਰਾਪਤ ਹੋਣਗੇ।

8.5 ਕਰੈਡਿਟ ਕੈਰੀ ਲਈ ਪਹਿਲਾਂ ਪਾਸ ਕੀਤੇ ਵਿਸ਼ਿਆਂ ਦੇ ਅੰਕ ਜੋ ਪੂਰੇ ਸਿਲੇਬਸ ਵਿਚ ਪ੍ਰਾਪਤ ਕੀਤੇ ਗਏ ਹਨ, ਨੂੰ ਦੋ ਸਮੈਸਟਰਾਂ ਵਿੱਚ ਅੰਕਾਂ ਦੇ ਅਨੁਪਾਤ ਵਿੱਚ ਵੰਡ ਅੰਕ ਦਰਸਾਏ ਜਾਣਗੇ। ਜੇਕਰ ਇਸ ਵੰਡ ਵਿੱਚ ਅੰਕ ਪੂਰੇ ਨਹੀਂ ਵੰਡੇ ਜਾਂਦੇ ਤਾਂ ਉਹਨਾਂ ਨੂੰ ਰਾਉਂਡਿੰਗ ਕਰਕੇ ਨੰਬਰ ਲਗਾਏ ਜਾਣਗੇ ਪਰ ਰਾਉਂਡਿੰਗ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇਗਾ ਕਿ ਦੋਵੇਂ ਸਮੈਸਟਰਾਂ ਵਿੱਚ ਵੰਡੇ ਅੰਕਾਂ ਦਾ ਜੋੜ ਪਹਿਲਾਂ ਪ੍ਰਾਪਤ ਅੰਕਾਂ ਦੇ ਬਰਾਬਰ ਹੀ ਰਹੇ।

## 9. ਸਿੱਖਿਆ ਵਿਧੀ

9.1 ਪਾਠ-ਕ੍ਰਮ: ਓਪਨ ਸਕੂਲ ਸਕੀਮ ਅਧੀਨ ਵੱਖ ਵੱਖ ਵਿਸ਼ਿਆਂ ਲਈ ਉਹੀ ਪਾਠ ਕ੍ਰਮ ਲਾਗੂ ਹੋਵੇਗਾ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਹੁੰਦਾ ਹੈ।

9.2 ਪਾਠ-ਸਮੱਗਰੀ: ਵਿਦਿਆਰਥੀਆਂ ਨੂੰ ਅਗਵਾਈ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਵਿਸ਼ਾਵਾਰ ਪ੍ਰਕਾਸ਼ਿਤ ਪਾਠ ਸਮੱਗਰੀ ਦਿੱਤੀ ਜਾਵੇਗੀ, ਜੋ ਵਿਦਿਆਰਥੀ ਆਪਣੇ ਅਧਿਐਨ ਕੇਂਦਰਾਂ ਤੋਂ ਆਪ ਜਾ ਕੇ ਪ੍ਰਾਪਤ ਕਰੇਗਾ। ਬੋਰਡ ਵਲੋਂ ਵਿਦਿਆਰਥੀ ਨੂੰ ਡਾਕ ਰਾਹੀਂ ਸਿੱਧੀ ਪਾਠ-ਸਮੱਗਰੀ ਨਹੀਂ ਭੇਜੀ ਜਾਵੇਗੀ।

9.3 ਆਂਤਰਿਕ ਮੁਲਾਂਕਣ ਪੱਤਰ: ਹਰੇਕ ਵਿਸ਼ੇ ਦੀ ਪਾਠ_-ਸਮੱਗਰੀ ਨਾਲ ਆਂਤਰਿਕ ਮੁਲਾਂਕਣ ਪੱਤਰ ਭੇਜੇ ਜਾਣਗੇ। ਵਿਦਿਆਰਥੀ ਇਹਨਾਂ ਦੇ ਉਤਰ ਲਿਖਣ ਉਪਰੰਤ ਸਬੰਧਤ ਅਧਿਐਨ ਕੇਂਦਰਾਂ ਵਿੱਚ ਉਹਨਾਂ ਵਲੋਂ ਦਰਸਾਈਆਂ ਮਿਤੀਆਂ ਨੂੰ ਜਮਾਂ ਕਰਵਾਏਗਾ। ਇਹਨਾਂ ਪੱਤਰਾਂ ਦਾ ਮੁਲਾਂਕਣ ਕਰਨ ਉਪਰੰਤ ਸਬੰਧਿਤ ਅਧਿਆਪਕ ਵਿਦਿਆਰਥੀ ਨੂੰ ਟਿੱਪਣੀ ਸਹਿਤ ਅਗਵਾਈ ਦੇਣਗੇ।

9.4 ਅੰਦਰੂਨੀ ਟੈਸਟ ਵਿਦਿਆਰਥੀਆਂ ਦੀ ਪਰੀਖਿਆਪ੍ਰਤੀ ਪਰੀਪੱਕਤਾ ਅਤੇ ਸਵੈ-ਮੁਲਾਂਕਣ ਹਿਤ ਹਰ ਸਮੈਸਟਰ ਵਿੱਚ ਇੱਕ ਅੰਦਰੂਨੀ ਟੈਸਟ ਆਯੋਜਿਤ ਕੀਤਾ ਜਾਵੇਗਾ।

9.5 ਵਿਅਕਤੀਗਤ ਸੰਪਰਕ ਪ੍ਰੋਗਰਾਮ : ਅਧਿਐਨ ਕੇਂਦਰ ਦੁਆਰਾ ਵਿਦਿਆਰਥੀਆਂ ਨੂੰ ਅਗਵਾਈ ਦੇਣ ਹਿਤ ਦਾਖਲੇ ਵਾਲੇ ਸਾਲ ਵਿਚ ਘੱਟੋ ਘੱਟ ਹੇਠ ਅਨੁਸਾਰ ਵਿਅਕਤੀਗਤ ਸੰਪਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ:

ਪਹਿਲਾ ਸਮੈਸਟਰ (01 ਅਪਰੈਲ ਤੋਂ 30 ਸਤੰਬਰ 2010) : ਅਗਸਤ ਮਹੀਨੇ ਪਹਿਲੇ ਹਫਤੇ 15 ਦਿਨਾਂ ਲਈ

ਦੂਜਾ ਸਮੈਸਟਰ (1 ਅਕਤੂਬਰ ਤੋਂ 31 ਮਾਰਚ,2011) : ਜਨਵਰੀ ਮਹੀਨੇ ਵਿੱਚ 25 ਦਿਨਾਂ ਲਈ

(i) ਪਹਿਲੇ ਸਮੈਸਟਰ, ਅਗਸਤ ਮਹੀਨੇ ਪਹਿਲੇ 15 ਦਿਨਾਂ ਦੇ ਪੀਸੀਪੀ ਦੌਰਾਨ, ਸਮਾਂ ਅਤੇ ਟਾਈਮ-ਟੇਬਲ ਸਬੰਧਿਤ ਕੇਂਦਰਾਂ ਦੁਆਰਾ ਨਿਰਧਾਰਤ ਕੀਤਾ ਜਾਵੇਗਾ । ਇਸ ਦੌਰਾਨ ਅਧਿਐਨ ਕੇਂਦਰ ਦੁਆਰਾ ਕੀਤੇ ਜਾਣ ਵਾਲੇ ਕੁਝ ਪ੍ਰਮੁੱਖ ਕਾਰਜ ਹੇਠ ਲਿਖੇ ਅਨੁਸਾਰ ਹਨ:

(ੳ) ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਦਾਖਲੇ ਦੀਆਂ ਸ਼ਰਤਾਂ ਅਤੇ ਨਿਯਮਾਂ ਸਬੰਧੀ ਅਗਵਾਈ।

(ਅ) ਪਾਠ ਸਮੱਗਰੀ ਦੀ ਵੰਡ ਦਾਖਲੇ ਦੇ ਨਾਲ-ਨਾਲ ਹੋਵੇਗੀ।

(ੲ) ਮੁਲਾਂਕਣ ਪੱਤਰਾਂ ਦੇ ਮੁਲਾਂਕਣ ਉਪਰੰਤ ਵਿਦਿਆਰਥੀਆਂ ਦੇ ਵਿਦਿਅਕ ਵਿਕਾਸ ਲਈ ਰਹਿ ਗਈਆਂ ਘਾਟਾਂ ਸਬੰਧੀ ਜਾਣਕਾਰੀ ਦੇਣੀ।

(ਸ) ਵੱਖ ਵੱਖ ਵਿਸ਼ਿਆਂ ਦੇ ਲਿਖਤੀ ਪਾਠ-ਕ੍ਰਮ ਲਈ ਅਗਵਾਈ।

(ਹ) ਵੱਖ ਵੱਖ ਵਿਸ਼ਿਆਂ ਦੇ ਪ੍ਰਯੋਗੀ ਪਾਠ-ਕ੍ਰਮ ਲਈ ਅਧਿਐਨ ਕੇਂਦਰ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਨ ਅਤੇ ਉਹਨਾਂ ਸਬੰਧੀ ਰੀਕਾਰਡ ਕਾਪੀ ਦੀ ਤਿਆਰ। ਪ੍ਰਯੋਗੀ ਪ੍ਰੀਖਿਆ ਦੀ ਪੜਾਈ ਦੋਹਾਂ ਸਮੈਸਟਰਾਂ ਵਿੱਚ ਹੋਵੇਗੀ ਪਰੰਤੂ ਪ੍ਰੀਖਿਆ ਕੇਵਲ ਦੂਸਰੇ ਸਮੈਸਟਰ ਦੇ ਅੰਤ ਵਿੱਚ ਹੀ ਪੂਰੇ ਸਿਲੇਬਸ ਵਿਚੋਂ ਹੋਵੇਗੀ।

(ਕ) ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ ਅਕਾਦਮਿਕ ਵਿਕਾਸ ਹਿਤ ਵੱਖ ਵੱਖ ਕਿਰਿਆਵਾਂ ਦਾ ਆਯੋਜਨ।

(ਖ) ਪ੍ਰੀਖਿਆ ਫੀਸ ਦੀ ਪ੍ਰਾਪਤੀ ਸਮੇਂ ਦਾਖਲੇ ਦੌਰਾਨ ਦਾਖਲਾ/ਪਰੀਖਿਆ ਫਾਰਮਾਂ ਆਦਿ ਵਿੱਚ ਰਹਿ ਗਈਆਂ ਊਣਤਾਈਆਂ ਦੂਰ ਕਰਨਾ।

(ਗ) ਪਹਿਲੇ ਸਮੈਸਟਰ ਦੀ ਪਾਠ ਸਮੱਗਰੀ ਵਿਚਲੇ ਮੁਲਾਂਕਣ ਪੱਤਰ ਦਾ ਮੁਲਾਂਕਣ ਅਤੇ ਉਸ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ।

(ਘ) ਬੋਰਡ ਪਰੀਖਿਆ ਤੋਂ ਪਹਿਲਾਂ ਸੰਪੂਰਨ ਪਾਠ ਕ੍ਰਮ ਉਤੇ ਅਧਾਰਿਤ ਦੂਜਾ ਅੰਦਰੂਨੀ ਟੈਸਟ।

(ii) ***ਦੂਸਰਾ ਸਮੈਸਟਰ 1 ਅਕਤੂਬਰ ਤੋਂ 31 ਮਾਰਚ, 2011 ਤੱਕ ਦੇ ਦਰਮਿਆਨ ਜਨਵਰੀ ਮਹੀਨੇ 25 ਦਿਨ:*** ਇਹਨਾਂ ਦਿਨਾਂ ਲਈ ਟਾਈਮ ਟੇਬਲ ਸਬੰਧਤ ਅਧਿਐਨ ਕੇਂਦਰ ਦੁਆਰਾ ਨਿਰਧਾਰਤ ਕੀਤਾ ਜਾਵੇਗਾ। ਇਸ ਦੌਰਾਨ ਅਧਿਐਨ ਕੇਂਦਰ ਦੁਆਰਾ ਕੀਤੇ ਜਾਣ ਵਾਲੇ ਕੁਝ ਪ੍ਰਮੁੱਖ ਕਾਰਜ ਹੇਠ ਲਿਖੇ ਅਨੁਸਾਰ ਹਨ:-

(ੳ) ਅੰਦਰੂਨੀ ਟੈਸਟਾਂ ਦਾ ਆਯੋਜਨ।

(ਅ) ਮੁਲਾਂਕਣ ਪੱਤਰਾਂ ਦਾ ਮੁਲਾਂਕਣ ਅਤੇ ਉਸ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ ਦੇਣਾ।

(ੲ) ਅੰਦਰੂਨੀ ਟੈਸਟ ਵਿੱਚ ਪ੍ਰਾਪਤੀ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ ਦੇਣਾ।

(ਸ) ਪ੍ਰੀਖਿਆ ਵਿੱਚ ਸਫਲਤਾ ਲਈ ਸੁਝਾਅ।

9.6 **ਹਾਜ਼ਰੀਆਂ**: ਵਿਕਅਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਜ਼ਰੂਰੀ ਹਨ। ਜਿਹੜੇ ਵਿਸ਼ਿਆਂ ਵਿਚ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰ ਸ਼ਾਮਿਲ ਹਨ, ਉਹਨਾਂ ਵਿੱਚ 75% ਹਾਜ਼ਰੀਆਂ ਜ਼ਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਦਾ ਉਮੀਦਵਾਰੀ ਹੱਕ ਰੱਦ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਮੁਸ਼ਕਿਲ ਸਮੇਂ ਹਾਜ਼ਰੀਆਂ ਸਬੰਧੀ ਛੋਟ ਲੈਣ ਹਿਤ ਵਿਦਿਆਰਥੀ ਆਪਣੇ ਅਧਿਐਨ ਕੇਂਦਰ ਰਾਹੀਂ ਅਗੇਤੀ ਪ੍ਰਵਾਨਗੀ ਲਈ ਬਿਨੈ ਪੱਤਰ ਭੇਜ ਕੇ ਸਮਰੱਥ ਅਧਿਕਾਰੀ ਨੂੰ ਸੰਪਰਕ ਕਰ ਸਕਦਾ ਹੈ।

9.7 **ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ** : ਵਿਦਿਆਰਥੀ ਆਪਣੇ ਅਧਿਐਨ ਕੇਂਦਰਾਂ ਦੀ ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ ਦੀ ਲੋੜ ਅਨੁਸਾਰ ਵਰਤੋਂ ਕਰ ਸਕਦੇ ਹਨ।

9.8 **ਇਲੈਕਟ੍ਰਾਨਿਕ ਮਾਧਿਅਮ ਰਾਹੀਂ ਅਗਵਾਈ:** ਬੋਰਡ ਦੁਆਰਾ ਵਿਦਿਆਰਥੀ ਨੂੰ ਸੂਚਨਾ ਅਤੇ ਅਗਵਾਈ ਹਿਤ ਅਖਬਾਰਾਂ, ਸੰਚਾਰ ਮਾਧਿਅਮਾਂ, ਰੇਡੀਓ, ਟੈਲੀਵੀਜ਼ਨ, ਐਜੂ ਸੈਟ ਪਲਾਨ, ਅਤੇ ਵੀਡੀਓ ਕੈਸੇਟਾਂ ਅਤੇ ਸੀ.ਡੀ. ਆਦਿ ਦੀ ਵਰਤੋਂ ਲਈ ਸੰਭਵ ਸੁਵਿਧਾ ਪ੍ਰਦਾਨ ਕਰਨ ਦੀ ਯੋਜਨਾ ਹੈ।

**10 ਪ੍ਰੀਖਿਆ ਨਿਯਮ:**

10.1 ਪ੍ਰੀਖਿਆ ਆਯੋਜਨ: ਬੋਰਡ ਦੁਆਰਾ ਹਰੇਕ ਸ਼ੈਸ਼ਨ ਵਿੱਚ ***ਸੈਮਸਟਰਵਾਰ ਦੋ ਵਾਰ ਪਰੀਖਿਆ ਲਈ ਜਾਵਗੀ। ਪਹਿਲੇ ਸਮੈਸਟਰ ਦੀ ਪ੍ਰੀਖਿਆ ਸਤੰਬਰ ਅਤੇ ਦੂਸਰੇ ਸਮੈਟਰ ਦੀ ਪ੍ਰੀਖਿਆ ਮਾਰਚ ਵਿੱਚ ਹੋਵੇਗੀ।***

10.2 **ਪ੍ਰੀਖਿਆ ਮਿਤੀ ਅਤੇ ਸਮਾਂ**: ਬੋਰਡ ਦੁਆਰਾ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਸਮੈਸਟਰਵਾਰ ਪਰੀਖਿਆ ਰੈਗੂਲਰ ਵਿਦਿਆਰਥੀਆਂ ਲਈ ਆਯੋਜਿਤ ਕੀਤੀ ਜਾਣ ਵਾਲੀ ਪਰੀਖਿਆ ਦੇ ਨਾਲ ਹੀ ਲਈ ਜਾਵੇਗੀ। ਅਨੁਪੂਰਕ

ਪਰੀਖਿਆ ਜਿੱਥੋਂ ਤੱਕ ਸੰਭਵ ਹੋਇਆ, ਇਸੇ ਨੀਤੀ ਅਨੁਸਾਰ ਹੋਵੇਗੀ। ਇਹਨਾਂ ਪ੍ਰੀਖਿਆਵਾਂ ਲਈ ਡੇਟਸ਼ੀਟ ਬੋਰਡ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

10.3 **ਪ੍ਰੀਖਿਆ ਦਾ ਮਾਧਿਅਮ**: ਓਪਨ ਸਕੂਲ ਵਿੱਚ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੋਵੇਗਾ। ਪ੍ਰੀਖਿਆ ਦਾ ਮਾਧਿਅਮ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਪੰਜਾਬੀ-ਹਿੰਦੀ-ਅੰਗਰੇਜ਼ੀ ਕੋਈ ਵੀ ਰੱਖ ਸਕਦਾ ਹੈ। ਮਾਧਿਅਮ ਕੋਡ ਇਸ ਪ੍ਰਕਾਰ ਹਨ:

ਪੰਜਾਬੀ- 201 **ਅੰਗ੍ਰੇਜ਼ੀ** **203** **ਹਿੰਦੀ** **202**

10.4 **ਪ੍ਰੀਖਿਆ ਲਈ ਯੋਗਤਾ:** ਬੋਰਡ ਦੀ ਪ੍ਰੀਖਿਆ ਦੇਣ ਲਈ ਉਹੀ ਵਿਦਿਆਰਥੀ ਯੋਗ ਹੋਣਗੇ ਜਿਹੜੇ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ:

(ੳ) ਦਾਖਲੇ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਹੋਣ ਅਤੇ ਸਬੂਤ ਵਜੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਦਿੱਤੇ ਹਨ।

(ਅ) ਨਿਯਮਾਂ ਅਨੁਸਾਰ ਬਣਦੀ ਦਾਖਲਾ, ਪ੍ਰੀਖਿਆ, ਰਜਿਸਟਰੇਸ਼ਨ ਆਦਿ ਫੀਸਾਂ ਜਮ੍ਹਾ ਕਰਵਾ ਦਿੱਤੀਆਂ ਹਨ।

(ੲ) ਅਧਿਐਨ ਕੇਂਦਰ ਦੁਆਰਾ ਆਯੋਜਿਤ ਵਿਅਕਤੀਗਤ ਸੰਪਰਕ ਪ੍ਰੋਗਰਾਮਾਂ ਵਿੱਚ ਨਿਯਮਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਹਨ।

(ਸ) ਪਾਠ ਸਮੱਗਰੀ ਵਿੱਚ ਸ਼ਾਮਲ ਤਿੰਨ ਮੁਲਾਂਕਣ ਪੱਤਰਾਂ ਵਿੱਚੋਂ ਘੱਟੋ ਘੱਟ ਦੋ ਦੇ ਉੱਤਰ ਅਧਿਐਨ ਕੇਂਦਰ ਵਿੱਚ ਨਿਸ਼ਚਿਤ ਮਿਤੀ ਤੱਕ ਜਮ੍ਹਾ ਕਰਵਾ ਦਿੱਤੇ ਹਨ।

ਉਪਰੋਕਤ ਵਿੱਚ ਕੋਈ ਇੱਕ ਵੀ ਸ਼ਰਤ ਪੂਰੀ ਨਾ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸ ਦੀ ਪਰੀਖਿਆ ਸਬੰਧੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

11. **ਪ੍ਰੀਖਿਆ ਫੀਸ**: ਓਪਨ ਸਕੂਲ ਪ੍ਰਣਾਲੀ ਦੇ ਉਮੀਦਵਾਰਾਂ ਲਈ ਪਰੀਖਿਆ ਫੀਸ ਸਕੂਲ ਦੇ ਰੈਗੂਲਰ ਵਿਦਿਆਰਥੀਆਂ ਦੇ ਸ਼ੈਡਿਊਲ ਦਰਾਂ ਅਨੁਸਾਰ ਹੀ ਜਮ੍ਹਾਂ ਕਰਵਾਈ ਜਾਵੇ। ਇਸ ਬਾਰੇ ਸਬੰਧਤ ਅਧਿਐਨ ਕੇਂਦਰ ਪਾਸੋਂ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ।

11.1 ਵਾਧੂ ਵਿਸ਼ਾ ਪਰੀਖਿਆ ਫੀਸ: ਸਕੂਲ ਦੇ ਰੈਗੂਲਰ ਵਿਦਿਆਰਥੀਆਂ ਵਾਲੀ ਹੋਵੇਗੀ।

12. **ਪਾਸ ਫਾਰਮੂਲਾ**

ਪ੍ਰੀਖਿਆ ਪਾਸ ਕਰਨ ਲਈ ਪ੍ਰੀਖਿਆਰਥੀ ਨੂੰ ਲਾਜ਼ਮੀ ਵਿਸ਼ਿਆਂ ਵਿਚੋਂ ਪੰਜਾਬੀ ਲਾਜ਼ਮੀ, ਅੰਗਰੇਜ਼ੀ ਲਾਜ਼ਮੀ ਵਿਸ਼ਿਆਂ ਵਿਚ ਪਾਸ ਹੋਣਾ ਜ਼ਰੂਰੀ ਹੋਵੇਗਾ ਬਾਕੀ ਦੇ ਦੋ ਲਾਜ਼ਮੀ ਵਿਸ਼ਿਆਂ ਵਾਤਾਵਰਨ ਸਿੱਖਿਆ ਅਤੇ ਕੰਪਿਊਟਰ ਸਿੱਖਿਆ ਦੀ ਪ੍ਰੀਖਿਆ ਦਾ ਮੁਲਾਂਕਣ ਸਕੂਲ (ਕੇਂਦਰ) ਪੱਧਰ ਤੇ ਹੋਵੇਗਾ ਅਤੇ ਇਹਨਾਂ ਵਿਸ਼ਿਆਂ ਦੀ ਗਰੇਡਿੰਗ ਕਰਕੇ ਨਤੀਜੇ ਵਿੱਚ ਅੰਕਿਤ ਕੀਤੀ ਜਾਵੇਗੀ। ਇਨ੍ਹਾਂ ਵਿਸ਼ਿਆਂ ਦੇ ਪ੍ਰਸ਼ਨ ਪੱਤਰ, ਡੇਟ-ਸ਼ੀਟ ਬੋਰਡ ਵਲੋਂ ਦਿੱਤੇ ਜਾਣਗੇ। ਇਨ੍ਹਾਂ ਤੋਂ ਇਲਾਵਾ ਹਿਊਮੈਨਟੀਜ ਵਿਚ ਚੁਣੇ ਗਏ ਤਿੰਨ ਅਤੇ ਕਾਮਰਸ ਵਿਚਲੇ ਚਾਰੇ ਵਿਸ਼ਿਆਂ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ।

12.1 **ਪਾਸ ਅੰਕ:** ਕਿਸੇ ਵੀ ਵਿਸ਼ੇ ਵਿੱਚੋਂ ਪਾਸ ਹੋਣ ਲਈ ਘੱਟੋ ਘੱਟ 33% ਅੰਕ ਪ੍ਰਾਪਤ ਕਰਨੇ ਹੋਣਗੇ। ਜਿਹੜੇ ਵਿਸ਼ੇ ਵਿੱਚ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰ ਹੋਣਗੇ, ਉਹਨਾਂ ਵਿੱਚ ਪਾਸ ਹੋਣ ਲਈ ਵਿਦਿਆਰਥੀ ਨੂੰ ਲਿਖਤੀ ਅਤੇ ਪ੍ਰਯੋਗੀ ਦੋਵਾਂ ਪੇਪਰਾਂ ਵਿੱਚ ਵੱਖੋ ਵੱਖ 33% ਅੰਕ ਪ੍ਰਾਪਤ ਕਰਨੇ ਪੈਣਗੇ।

12.2 **ਪ੍ਰੀਖਿਆ ਪਾਸ ਕਰਨ ਦੇ ਮੌਕੇ:** ਵਿਦਿਆਰਥੀ ਨੂੰ ਪ੍ਰੀਖਿਆ ਪਾਸ ਕਰਨ ਲਈ ਦਾਖਲੇ ਉਪਰੰਤ ਸਮੈਸਟਰਵਾਰ 6 ਮੌਕੇ ਦਿੱਤੇ ਜਾਣਗੇ। ਪਹਿਲਾ ਮੌਕਾ ਦਾਖਲਾ ਸਾਲ ਅਪਰੈਲ 2010-ਮਾਰਚ 2011 ਦੌਰਾਨ ਪਹਿਲੇ ਸਮੈਸਟਰ ਲਈ ਮਾਰਚ, 2011 ਵਿੱਚ ਅਤੇ ਦੂਸਰੇ ਸਮੈਟਰ ਲਈ ਸਤੰਬਰ, 2011 ਵਿੱਚ ਦਿੱਤਾ ਜਾਵੇਗਾ। ਇਹਨਾਂ ਦੋਵੇਂ ਪ੍ਰੀਖਿਆਵਾਂ ਵਿੱਚ ਪ੍ਰੀਖਿਆਰਥੀ ਵਲੋਂ ਚੁਣੇ ਗਏ ਵਿਸ਼ਿਆਂ ਵਿੱਚੋਂ ਘੱਟੋ ਘੱਟ ਇੱਕ ਵਿਸ਼ਾ ਦੋਵੇਂ ਸਮੈਸਟਰਾਂ ਵਿੱਚ ਪਾਸ ਕਰਨਾ ਜ਼ਰੂਰੀ ਹੈ। ਓਪਨ ਸਕੂਲ ਸਕੀਮ ਅਧੀਨ ਦਾਖਲੇ ਉਪਰੰਤ ਜੇਕਰ ਵਿਦਿਆਰਥੀ ਦੋਵੇਂ ਸਮੈਸਟਰਾਂ ਵਿੱਚ ਇੱਕ ਵਿਸ਼ਾ ਪਾਸ ਕਰਦਾ ਹੈ ਤਾਂ ਉਸ ਦਾ ਨਤੀਜਾ ਰੀਅਪੀਅਰ ਘੋਸ਼ਿਤ ਕੀਤਾ ਜਾਵੇਗਾ ਅਤੇ ਉਸ ਨੂੰ ਰੀ-ਅਪੀਅਰ ਵਾਲੇ ਵਿਸ਼ਿਆਂ ਨੂੰ ਪਾਸ ਕਰਨ ਲਈ ਸਮੈਸਟਰਵਾਈਜ 6-6 ਮੌਕੇ ਦਿੱਤੇ ਜਾਣਗੇ। ਜੇਕਰ ਉਹ ਬਾਕੀ ਰਹਿੰਦੇ 6-6 ਮੌਕਿਆਂ ਵਿੱਚ ਵੀ ਆਪਣੀ ਪਰੀਖਿਆ ਪਾਸ ਕਰਨੋਂ ਅਸਮਰਥ ਰਹਿੰਦਾ ਹੈ ਤਾਂ ਉਸ ਨੂੰ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਨਵੇਂ ਸਿਰਿਓਂ ਮੁੜ ਦਾਖਲਾ ਲੈਣਾ ਪਵੇਗਾ। ਜੇਕਰ ਵਿਦਿਆਰਥੀ ਇੱਕ ਵਿਸ਼ਾ ਵੀ ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਦਿੱਤੇ ਗਏ ਮੌਕਿਆਂ ਵਿੱਚ ਉਹ ਇੱਕ ਇੱਕ ਵਿਸ਼ਾ ਪਾਸ ਕਰਦਾ ਹੋਇਆ ਵੀ ਪਰਖਿਆ ਪਾਸ ਕਰ ਸਕਦਾ ਹੈ।

13 **ਗਰੇਸ ਅੰਕ:** ਪਰੀਖਿਆ ਪਾਸ ਕਰਨ ਲਈ ਪਰੀਖਿਆਰਥੀ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੇ 1% ਤੱਕ ਗਰੇਸ ਅੰਕ ਦਿੱਤੇ ਜਾਣਗੇ।

14 **ਸਰਟੀਫਿਕੇਟ:** ਪਾਸ ਵਿਦਿਆਰਥੀ ਨੂੰ ਪੰਜਾਬ ਓਪਨ ਸਕੂਲ ਦੇ ਵਿਦਿਆਰਥੀ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਟੀਫਿਕੇਟ ਕਮ ਨੰਬਰ ਕਾਰਡ ਭੇਜੇ ਜਾਣਗੇ। ਇਹ ਸਰਟੀਫਿਕੇਟ-ਕਮ-ਨੰਬਰ ਕਾਰਡ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਜਾਰੀ ਰੈਗੂਲਰ ਸੀਨੀਅਰ ਸੈਕੰਡਰੀ ਪ੍ਰੀਖਿਆ ਦੇ ਸਰਟੀਫਿਕੇਟ ਦੇ ਹਰ ਪੱਖੋਂ ਬਰਾਬਰ ਹੋਣਗੇ।

15 ਓਪਨ ਸਕੂਲ ਦੇ ਵਿਦਿਆਰਥੀਆਂ ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ ਦੀ ਦਰ ***ਚੇਅਰਮੈਨ,ਪੰਜਾਬ ਸਕੂਲ ਸਿੱਖਿਆ ਬੋਰਡ*** ਵਲੋਂ ਕਿਸੇ ਵੀ ਸਮੇਂ ਬਿਨਾ ਕਿਸੇ ਨੋਟਿਸ ਦੇ ਮੁੜ ਨਿਰਧਾਰਿਤ ਕੀਤੀ ਜਾ ਸਕਦੀ ਹੈ।

16 ਬੋਰਡ ਵੱਲੋਂ ਨਿਰਧਾਰਤ ਫੀਸਾਂ ਤੋਂ ਇਲਾਵਾ ਹੋਰ ਕੋਈ ਰਾਸ਼ੀ ਫੀਸ ਜਾਂ ਫੰਡ ਦੇ ਰੂਪ ਵਿੱਚ ਅਧਿਐਨ ਕੇਂਦਰਾਂ ਦੁਆਰਾ ਨਹੀਂ ਵਸੂਲੀ ਜਾਵੇਗੀ ਅਤੇ ਨਾ ਹੀ ਵਿਦਿਆਰਥੀ ਹੋਰ ਕੋਈ ਫੀਸ ਅਧਿਐਨ ਕੇਂਦਰ ਨੂੰ ਹੀ ਦੇਣਗੇ। ਅਜਿਹਾ ਕਰਨ ਦੀ ਸੂਰਤ ਵਿੱਚ ਸਬੂਤ ਮਿਲਣ ਤੇ ਵਿਦਿਆਰਥੀ ਦਾ ਉਮੀਦਵਾਰੀ ਹੱਕ ਅਤੇ ਅਧਿਐਨ ਕੇਂਦਰ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ।

17 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਅਰਜੀ ਸਾਦੇ ਕਾਗਜ਼ ਤੇ ਸਬੰਧਤ ਜਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਸਰਟੀਫਾਈ ਕਰਵਾਕੇ ਆਪਣੇ ਦਾਖਲਾ ਫਾਰਮ ਦੇ ਨਾਲ ਭੇਜਣ।

18 **ਦਾਖਲਾ ਫਾਰਮ ਭਰਨ ਲਈ ਹਦਾਇਤਾਂ:**

18.1 ਇੱਕ ਅਧਿਐਨ ਕੇਂਦਰ ਵਿੱਚ ਦਾਖਲਾ ਲੈਣ ਉਪਰੰਤ ਕਿਸੇ ਹੋਰ ਦੂਸਰੇ ਅਧਿਐਨ ਕੇਂਦਰ ਵਿੱਚ ਦਾਖਲਾ ਨਾ ਲਿਆ ਜਾਵੇ ਅਤੇ ਨਾ ਹੀ ਰੈਗੂਲਰ ਤੌਰ ਤੇ ਜਾਂ ਪ੍ਰਾਈਵੇਟ ਤੌਰ ਤੇ ਨਾਲੋ ਨਾਲ ਦਾਖਲਾ ਲਿਆ ਜਾਵੇ। ਅਜਿਹਾ ਕਰਨ ਦੀ ਸੂਰਤ ਵਿੱਚ ਸਾਰੇ ਦਾਖਲੇ ਰੱਦ ਕੀਤੇ ਜਾ ਸਕਦੇ ਹਨ।

18.2 ਦਾਖਲਾ ਫਾਰਮ ਗੁਰਮੁੱਖੀ ਲਿਪੀ ਵਿੱਚ ਸਾਫ ਸਾਫ ਅਤੇ ਮੋਟੇ ਅੱਖਰਾਂ ਵਿੱਚ ਭਰਿਆ ਜਾਵੇ। ਜਿਥੇ ਅੰਗਰੇਜ਼ੀ ਵਿਚ ਭਰਨ ਲਈ ਕਿਹਾ ਗਿਆ ਹੈ, ਉਥੇ ਅੰਗਰੇਜ਼ ਦੀ ਹੀ ਵਰਤੋਂ ਕੀਤੀ ਜਾਵੇ।

18.3 ਦਾਖਲਾ ਫਾਰਮ ਭਰਨ ਤੋਂ ਪਹਿਲਾਂ ਇਹ ਤਸੱਲੀ ਕਰ ਲਈ ਜਾਵੇ ਕਿ ਤੁਸੀਂ ਨਿਯਮਾਂ ਅਨੁਸਾਰ ਦਾਖਲਾ ਲੈਣ ਦੇ ਯੋਗ ਹੋ। ਇੱਕ ਵਾਰ ਭੇਜੀ ਗਈ ਫੀਸ ਕਿਸੇ ਹਾਲਤ ਵਿੱਚ ਵਾਪਸ ਜਾਂ ਐਡਜਸਟ ਨਹੀਂ ਕੀਤੀ ਜਾਵੇਗੀ।

18.4 ਕਿਸੇ ਰੂਪ ਵਿਚ ਭੇਜਿਆ ਅਧੂਰਾ ਫਾਰਮ ਦਾਖਲਾ ਰੱਦ ਹੋਣ ਦਾ ਕਾਰਨ ਬਣ ਸਕਦਾ ਹੈ।

18.5 ਪੂਰੀ ਤਰ੍ਹਾਂ ਭਰਿਆ ਹੋਇਆ ਫਾਰਮ ਜਿਸ ਉਪਰ ਨਿਸ਼ਚਿਤ ਥਾਂ ਤੇ ਇੱਕ ਤਸਦੀਕਸ਼ੁਦਾ ਅਤੇ ਇੱਕ ਬਿਨਾ ਤਸਦੀਕ ਪਾਸਪੋਰਟ ਅਕਾਰ ਦੀ ਫੋਟੋ ਚਿਪਕਾਈ ਜਾਵੇ। (ਫੋਟੋ ਗੂੰਦ ਨਾਲ ਚਿਪਕਾਈ ਜਾਵੇ) ਫੋਟੋ ਤੇ ਤਸਦੀਕ ਕਰਤਾ ਦੇ ਅੱਧੇ ਹਸਤਾਖਰ ਫੋਟੋ ਤੇ ਅਤੇ ਅੱਧੇ ਫਾਰਮ ਤੇ ਹੋਣੇ ਚਾਹੀਦੇ ਹਨ।

18.6 ਸ਼ਨਾਖਤੀ ਕਾਰਡ ਮੁਕੰਮਲ ਕਰਕੇ ਅਧਿਐਨ ਕੇਂਦਰ ਵਿਖੇ ਜਮ੍ਹਾ ਕਰਵਾਇਆ ਜਾਵੇ। ਇਸ ਤੇ ਪਾਸਪੋਰਟ ਅਕਾਰ ਦੀ ਫੋਟੋ ਚਿਪਕਾਈ ਜਾਵੇ। ਇਹ ਕਾਰਡ ਅਧਿਐਨ ਕੇਂਦਰ ਦੇ ਮੁੱਖੀ ਦੁਆਰਾ ਪੜਤਾਲ ਅਤੇ ਪ੍ਰਤੀ ਹਸਤਾਖਰ ਕਰਨ ਉਪਰੰਤ ਵਿਦਿਆਰਥੀ ਨੂੰ ਵਾਪਸ ਕੀਤਾ ਜਾਵੇਗਾ। ਗੁੰਮ ਹੋ ਜਾਣ ਦੀ ਸੂਰਤ ਵਿੱਚ ਡੁਪਲੀਕੇਟ ਸ਼ਨਾਖਤੀ ਕਾਰਡ 10 ਰੁਪਏ ਫੀਸ ਜਮ੍ਹਾ ਕਰਵਾ ਕੇ ਸਬੰਧਤ ਅਧਿਐਨ ਕੇਂਦਰ ਮੁਖੀ ਪਾਸੋਂ ਦੁਬਾਰਾ ਲਿਆ ਜਾ ਸਕਦਾ ਹੈ। ਇਹ ਕਾਰਡ ਦਾਖਲਾ ਲੈਣ ਉਪਰੰਤ ਤੱਦ ਤੱਕ ਮੰਨਣਯੋਗ ਹੋਵੇਗਾ ਜਦ ਤੱਕ ਵਿਦਿਆਰਥੀ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਕੰਪਾਰਟਮੈਂਟ-ਰੀਅਪੀਅਰ ਲਈ ਉਸ ਨੂੰ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ। ਵਿਦਿਆਰਥੀ ਦੇ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਕਾਰਡ ਆਪਣੇ ਆਪ ਰੱਦ ਹੋ ਜਾਵੇਗਾ। ਜਦ ਵੀ ਵਿਦਿਆਰਥੀ ਆਪਣੇ ਅਧਿਐਨ ਕੇਂਦਰ ਵਿੱਚ ਆਉਂਦਾ ਹੈ, ਇਹ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ, ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਜਾ ਸਕਦਾ ਹੈ।

18.7 ਵਿਦਿਆਰਥੀ ਆਪਣਾ ***ਦਾਖਲਾ/ਪ੍ਰੀਖਿਆ ਫਾਰਮ***, ਸ਼ਨਾਖਤੀ ਕਾਰਡ, ਦਾਖਲਾ/ਪ੍ਰੀਖਿਆ/ਰਜਿਸਟਰੇਸ਼ਨ ਅਤੇ ਹੋਰ ਲੋੜੀਂਦੀ ਫੀਸ ਸਮੇਤ ਹੋਰ ਲੋੜੀਂਦੇ ਦਸਤਾਵੇਜ ਨਿਸ਼ਚਿਤ ਮਿਤੀ ਤੱਕ ਆਪਣੀ ਤਹਿਸੀਲ ਵਿੱਚ ਸਥਿਤ ਨੇੜੇ ਦੇ ਕਿਸੇ ਵੀ ਅਧਿਐਨ ਕੇਂਦਰ ਵਿੱਚ ਜਮ੍ਹਾ ਕਰਵਾ ਕੇ ਪ੍ਰਾਪਤੀ ਰਸੀਦ ਪ੍ਰਾਪਤ ਕਰੇਗਾ। ਕਿਸੇ ਵੀ ਵਿਦਿਆਰਥੀ ਪਾਸੋਂ ਫਾਰਮ ਜਾਂ ਕੋਈ ਫੀਸ ਸਿੱਧੀ ਬੋਰਡ ਵਿੱਚ ਪ੍ਰਾਪਤ ਨਹੀਂ ਕੀਤੀ ਜਾਵੇਗੀ।

18.8 ਇੱਕ ਵਾਰ ਦਾਖਲਾ ਲੈਣ ਤੋਂ ਬਾਅਦ ਵਿਦਿਆਰਥੀ ਦਾ ਅਧਐਨ ਕੇਂਦਰ ਤੱਦ ਤੱਕ ਨਹੀਂ ਬਦਲਿਆ ਜਾਵੇਗਾ, ਜਦ ਤੱਕ ਉਹ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਉਸ ਨੂੰ ਰੀਅਪੀਅਰ ਲਈ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ ਜਾਂ ਉਸ ਨੂੰ ਫੇਲ੍ਹ ਘੋਸ਼ਿਤ ਨਹੀਂ ਕਰ ਦਿੱਤਾ ਜਾਂਦਾ। ਉਹ ਆਪਣੀ ਰੀਅਪੀਅਰ ਦਾ ਪਰੀਖਿਆ ਫਾਰਮ ਅਤੇ ਫਾਰਮ ਉਸੇ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਤਸਦੀਕ ਕਰਵਾ ਕੇ ਉਸੇ ਸਬੰਧਤ ਅਧਿਐਨ ਕੇਂਦਰ ਰਾਹੀਂ ਬੋਰਡ

ਨੂੰ ਭੇਜੇਗਾ। ਰੀਅਪੀਅਰ ਲਈ ਹੋਰ ਕਿਸੇ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਤਸਦੀਕ ਕੀਤਾ ਪਰੀਖਿਆ ਫਾਰਮ ਮੰਨਣ-ਯੋਗ ਨਹੀਂ ਹੋਵੇਗਾ।

18.9 ਅਧਿਐਨ ਕੇਂਦਰ ਵਿਖੇ ਬੋਰਡ ਵਲੋਂ ਨਿਰਧਾਰਤ ਕੀਤੀ ਫੀਸ ਨਕਦ ਜਮ੍ਹਾਂ ਕਰਵਾਈ ਜਾਵੇ, ਜਿਸ ਦਾ ਵੇਰਵਾ ਪ੍ਰਾਸਪੈਕਟਸ ਨਾਲ ਲੱਗੇ ਰਸੀਦ ਪ੍ਰੋਫਾਰਮੇ ਉਤੇ ਭਰਿਆ ਜਾਵੇ ਅਤੇ ਫੀਸ ਜਮ੍ਹਾਂ ਕਰਵਾਉਣ ਸਮੇਂ ਇਹ ਰਸੀਦ ਬਕਾਇਦਾ ਅਧਿਐਨ ਕੇਂਦਰ ਦੀ ਮੋਹਰ ਸਮੇਤ ਪ੍ਰਾਪਤ ਕਰਤਾ ਦੇ ਹਸਤਾਖਰ ਵਾਪਸ ਪ੍ਰਾਪਤ ਕੀਤੀ ਜਾਵੇ। ਕਿਸੇ ਵੀ ਸੂਰਤ ਵਿੱਚ ਬੋਰਡ ਵਲੋਂ ਨਿਰਧਾਰਤ ਫੀਸ ਤੋਂ ਵੱਧ ਫੀਸ ਕਿਸੇ ਵੀ ਵਿਅਕਤੀ/ਅਧਿਐਨ ਕੇਂਦਰ ਨੂੰ ਨਾ ਦਿੱਤੀ ਜਾਵੇ। ਜੇਕਰ ਕੋਈ ਨਿਰਧਾਰਤ ਫੀਸ ਨਾਲੋਂ ਜਿਆਦਾ ਫੀਸ ਦੀ ਮੰਗ ਕਰਦਾ ਹੈ ਤਾਂ ਇਸ ਦੀ ਲਿਖਤੀ ਸ਼ਿਕਾਇਤ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਜਾਵੇ।

18.10 ਦਾਖਲਾ ਫਾਰਮ ਤੇ ਹਸਤਾਖਰ ਸਬੰਧਤ ਅਧਿਐਨ ਕੇਂਦਰ ਮੁਖੀ ਦੇ ਸਾਹਮਣੇ ਕੀਤੇ ਜਾਣੇ ਚਾਹੀਦੇ ਹਨ।

18.11 ਫਾਰਮ ਵਿੱਚ ਭਰੇ ਸਾਰੇ ਤੱਥ ਠੀਕ ਹੋਣ ਬਾਰੇ ਪੂਰੀ ਤਸੱਲੀ ਕਰ ਲਈ ਜਾਵੇ।

18.12 ਵਿਦਿਆਰਥੀ ਵਲੋਂ ਪੇਸ਼ ਤੱਥਾਂ ਦੇ ਆਧਾਰ ਤੇ ਹੀ ਉਸ ਨੂੰ ਦਾਖਲਾ ਦਿੱਤਾ ਜਾਣਾ ਹੈ। ਯੋਗਤਾ ਸਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਅ ਲਾ ਸਕਦੀ ਹੈ। ਜੇਕਰ ਕੋਈ ਤੱਥ ਤਰੁੱਟੀ ਜਾਂ ਕੋਈ ਦਸਤਾਵੇਜ ਗਲਤ ਲਗਾਏ ਜਾਂਦੇ ਹਨ ਜਾਂ ਛਪਾਏ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁਖੀ/ਅਧਿਐਨ ਕੇਂਦਰ ਕੋਆਰਡੀਨੇਟਰ ਦੀ ਹੋਵੇਗੀ।

**19. ਵਿਦਿਆਰਥੀਆਂ ਦੇ ਧਿਆਨ ਯੋਗ ਗੱਲਾਂ:-**

19.1 ਚੰਗੀ ਵਿਦਿਆ ਦੇਣ ਵਿੱਚ ਅਧਿਐਨ ਕੇਂਦਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ, ਪਰ ਅਜਿਹਾ ਵਿਦਿਆਰਥੀਆਂ ਦੇ ਸਹਿਯੋਗ ਅਤੇ ਮਿਲਵਰਤਨ ਤੋਂ ਬਿਨਾਂ ਸੰਭਵ ਨਹੀਂ। ਜਿਹੜੇ ਵਿਦਿਆਰਥੀ ਅਧਿਐਨ ਕੇਂਦਰਾਂ ਦੇ ਨਿਯਮਾਂ ਦੀ ਉਲੰਘਣਾ ਕਰਨਗੇ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਦਾ ਦਾਖਲਾ ਵੀ ਰੱਦ ਕੀਤਾ ਜਾ ਸਕਦਾ ਹੈ।

19.2 ਵਿਦਿਆਰਥੀ ਉਸੇ ਸਮੇਂ ਅਤੇ ਉਸੇ ਦਿਨ ਹੀ ਅਧਿਐਨ ਕੇਂਦਰ ਵਿੱਚ ਜਾਣਗੇ ਜੋ ਬੋਰਡ ਜਾਂ ਅਧਿਐਨ ਕੇਂਦਰ ਦੇ ਮੁੱਖੀ ਦੁਆਰਾ ਉਹਨਾਂ ਲਈ ਨਿਰਧਾਰਤ ਕੀਤਾ ਜਾਂਦਾ ਹੈ।

19.3 ਵਿਦਿਆਰਥੀ ਅਧਿਐਨ ਕੇਂਦਰ ਦੇ ਸਮਾਨ ਅਤੇ ਜਾਇਦਾਦ ਦਾ ਧਿਆਨ ਰੱਖਣਗੇ ਅਤੇ ਪੂਰੇ ਅਨੁਸ਼ਾਸਨ ਵਿੱਚ ਰਹਿਣਗੇ।

19.4 ਦਾਖਲਾ ਲੈਣ ਉਪਰੰਤ ਵਿਦਿਆਰਥੀ ਸਾਰੇ ਸਾਲ ਦੀਆਂ ਕਿਰਿਆਵਾਂ ਆਦਿ ਬਾਰੇ ਆਪਣੇ ਅਧਿਐਨ ਕੇਂਦਰ ਤੋਂ ਜਾਣਕਾਰੀ ਪ੍ਰਾਪਤ ਕਰਨਗੇ।

19.5 ਵਿਦਿਆਰਥੀ ਕੇਵਲ ਉਸੇ ਪਾਠ ਸਮੱਗਰੀ ਦਾ ਅਧਿਐਨ ਕਰਨਗੇ ਜਿਹੜੀ ਓਪਨ ਸਕੂਲ ਵਲੋਂ ਉਹਨਾਂ ਲਈ ਭੇਜੀ ਜਾਂਦੀ ਹੈ ਜਾਂ ਜਿਹੜੀ ਅਧਿਐਨ ਕੇਂਦਰ ਦੇ ਅਧਿਆਪਕ ਉਹਨਾਂ ਨੂੰ ਦੱਸਦੇ ਹਨ। ਉਹ ਬਾਜ਼ਾਰੀ ਗਾਈਡਾਂ ਅਤੇ ਸਸਤੇ ਖਲਾਸਿਆਂ ਦੀ ਵਰਤੋਂ ਨਾ ਕਰਨ।

20 ਕਿਸੇ ਪ੍ਰਕਾਰ ਦੀ ਔਕੜ, ਸਪੱਸ਼ਟੀਕਰਨ ਲਈ ਉਪ ਡਾਇਰੈਕਟਰ (ਓਪਨ ਸਕੂਲ), ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

21 **ਬੋਰਡ ਦੀਆਂ ਪੂਰਕ ਸ਼ਕਤੀਆਂ**: ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਨੁਕਤਾ ਸ਼ਾਮਿਲ ਨਾ ਹੋ ਸਕਿਆ ਹੋਵੇ ਤਾਂ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਉਚਿਤ ਨਿਰਣਾ ਲੈ ਸਕਦੇ ਹਨ।

22 **ਵਿਆਖਿਆ** : ਇਹਨਾਂ ਨਿਯਮਾਂ ਦੀ ਵਿਆਖਿਆ ਕਰਨ ਸਬੰਧੀ ਕੋਈ ਸ਼ੰਕਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

# ਅਧਿਅਨ ਕੇਂਦਰਾਂ ਲਈ

## ਅਗਵਾਈ ਲੀਹਾਂ ਅਤੇ ਹਦਾਇਤਾਂ

ਓਪਨ ਸਕੂਲ ਸਿੱਖਿਆ ਪ੍ਰਣਾਲੀ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਮਾਣਿਤ ਹੈ ਅਤੇ ਵਿੱਦਿਆ ਦੇ ਪ੍ਰਸਾਰ ਲਈ ਰਸਮੀ ਸਿੱਖਿਆ ਪ੍ਰਣਾਲੀ ਦੇ ਸਮਾਨ ਅੰਤਰ ਇੱਕ ਵਿੱਦਿਅਕ ਉਪਬੰਧ ਹੈ। ਪੰਜਾਬ ਰਾਜ ਦੇ ਵਿਦਿਆਰਥੀ ਵਸੋਂ ਦੇ ਅਕਾਦਮਿਕ ਵਿਕਾਸ ਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਇਸ ਨੂੰ ਅਪਣਾਇਆ ਗਿਆ ਹੈ। ਪਿਛਲੇ ਸਾਲਾਂ ਦੇ ਹੇਠਾਂ ਦਿੱਤੇ ਅੰਕੜਿਆਂ ਤੋਂ ਸ਼ਪੱਸ਼ਟ ਹੁੰਦਾ ਹੈ ਕਿ ਇਸ ਸਕੀਮ ਅਧੀਨ ਵਿਦਿਆਰਥੀਆਂ ਅਤੇ ਅਧਿਐਨ ਕੇਂਦਰ ਦੀ ਗਿਣਤੀ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ ਅਤੇ ਇਹ ਪ੍ਰਣਾਲੀ ਰਾਜ ਦੇ ਵਿੱਦਿਅਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

| **ਲੜੀ ਨੰ** | **ਦਾਖਲਾ ਸਾਲ** | **ਮੈਟ੍ਰਿਕ ਸ਼੍ਰੇਣੀ** | | **ਬਾਰ੍ਹਵੀਂ ਸ਼੍ਰੇਣੀ** | |
|---|---|---|---|---|---|
| | | ਵਿਦਿਆਰਥੀ | ਅਧਿਐਨ ਕੇਂਦਰ | ਵਿਦਿਆਰਥੀ | ਅਧਿਐਨ ਕੇਂਦਰ |
| 1 | 2005-06 | 35000 | 498 | 9600 | 240 |
| 2 | 2006-07 | 46000 | 500 | 11000 | 225 |
| 3 | 2007-08 | 55000 | 500 | 17000 | 200 |
| 4 | 2008-09 | 59458 | 592 | 21049 | 359 |
| 5 | 2009-10 | 61651 | 604 | 21573 | 356 |

1 **ਅਧਿਐਨ ਕੇਂਦਰਾਂ ਦੀ ਸਥਾਪਨਾ**

1.1 ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਕਾਰੀ/ਪ੍ਰਾਈਵੇਟ-ਏਡਿਡ/ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਨੂੰ ਹੀ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡੀਏਸ਼ਨ (ਮਾਨਤਾ) ਦਿੱਤੀ ਜਾਂਦੀ ਹੈ। ਇਹ ਐਕਰੀਡੀਏਸ਼ਨ ਉਸੇ ਪੱਧਰ/ਗਰੁੱਪ ਲਈ ਦਿੱਤੀ ਜਾਂਦੀ ਹੈ, ਜਿਸ ਪੱਧਰ ਤੱਕ ਸੰਸਥਾ ਨੂੰ ਬੋਰਡ ਦੀ ਐਫੀਲੀਏਸ਼ਨ ਪ੍ਰਾਪਤ ਹੈ। ਪਰ ਸੈਸ਼ਨ 1997-98 ਜਾਂ ਉਸ ਤੋਂ ਪਹਿਲਾਂ ਅੱਠਵੀਂ ਜਮਾਤ ਲਈ ਐਫੀਲੀਏਟਿਡ ਸਕੂਲਾਂ ਵਿੱਚ 10ਵੀਂ ਜਮਾਤ ਲਈ ਅਤੇ ਦਸਵੀਂ ਸ਼੍ਰੇਣੀ ਤੱਕ ਐਫੀਲੀਏਟਿਡ ਸਕੂਲਾਂ ਵਿੱਚ 12ਵੀਂ ਜਮਾਤ ਲਈ ਅਧਿਐਨ ਕੇਂਦਰ ਸਥਾਪਿਤ ਕਰਨ ਦਾ ਵੀ ਉਪਬੰਧ ਕੀਤਾ ਗਿਆ ਹੈ।

1.2 ਜੋ ਅਧਿਐਨ ਕੇਂਦਰ ਪਹਿਲਾਂ ਐਕਰੀਡੀਏਟ ਹੈ, ਉਸ ਨੂੰ ਆਉਣ ਵਾਲੇ ਸੈਸ਼ਨ ਲਈ 500/- ਦੀ ਕੰਟੀਨੁਏਸ਼ਨ ਫੀਸ ਜਮ੍ਹਾਂ ਕਰਵਾਉਣ ਤੇ ਆਰਜ਼ੀ ਤੌਰ ਤੇ ਐਕਰੀਡੀਏਟ ਕੀਤੀ ਜਾਵੇਗੀ, ਬਸ਼ਰਤੇ ਉਹ ਅੱਠਵੀਂ ਅਤੇ ਮੈਟ੍ਰਿਕ ਸ਼੍ਰੇਣੀ ਲਈ ਘੱਟੋ ਘੱਟ 25 ਅਤੇ ਵੱਧ ਤੋਂ ਵੱਧ 200 ਅਤੇ ਇਸੇ ਤਰ੍ਹਾਂ ਬਾਰਵੀਂ ਸ਼੍ਰੇਣੀ ਦੇ ਹਿਉਮੈਨੀਟੀਜ ਗਰੁੱਪ ਲਈ ਘਟੋ ਘੱਟ 25 ਅਤੇ ਕਾਮਰਸ ਗਰੁੱਪ ਲਈ ਘੱਟੋ ਘੱਟ 10 ਵਿਦਿਆਰਥੀ ਹੋਣ। **ਜਿਨ੍ਹਾਂ ਸਕੂਲਾਂ ਨੂੰ ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡੀਏਸ਼ਨ ਦਿੱਤੀ ਗਈ ਹੈ, ਉਹਨਾਂ ਦੀ ਸੂਚੀ ਸਬੰਧਤ ਪ੍ਰਾਸਪੈਕਟਸ ਵਿੱਚ ਦਰਜ ਹੈ। ਇਹ ਸੂਚੀ ਬੋਰਡ ਦੀ ਵੈੱਬਸਾਈਟ** www.pseb.ac.in **ਤੇ ਵੀ ਉਪਲੱਬਧ ਕਰਵਾਈ ਜਾਵੇਗੀ।**

1.3 ਅਧਿਐਨ ਕੇਂਦਰ ਵੱਲੋਂ ਆਪਣੀ ਹੀ ਤਹਿਸੀਲ ਦੇ ਵਸਨੀਕ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ। ਪਰ ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸਦੀ ਤਹਿਸੀਲ ਵਿਚਲਾ ਅਧਿਐਨ ਕੇਂਦਰ ਸੜਕ ਦੇ ਰਸਤੇ 15 ਕਿਲੋਮੀਟਰ ਤੋਂ ਦੂਰ ਹੋਵੇ ਅਤੇ ਕਿਸੇ ਨਾਲ ਲਗਦੀ ਤਹਿਸੀਲ ਵਿਚਲਾ ਅਧਿਐਨ ਕੇਂਦਰ ਇਸ ਤੋਂ ਨੇੜੇ ਪੈਂਦਾ ਹੋਵੇ ਜਾਂ ਫਿਰ ਕੋਈ ਮੁਸ਼ਕਿਲ ਹੋਵੇ ਤਾਂ ਸਮਰੱਥ ਅਧਿਕਾਰੀ ਤੋਂ ਅਗੇਤੀ ਪ੍ਰਵਾਨਗੀ ਲੈ ਕੇ ਉਸ ਨੂੰ ਆਪਣੀ ਤਹਿਸੀਲ ਤੋਂ ਬਾਹਰਲੇ ਅਧਿਐਨ ਕੇਂਦਰ ਰਾਹੀਂ ਦਾਖਲਾ ਲੈ ਸਕਦਾ ਹੈ। ਪਰ ਇਸ ਤੱਥ ਦੀ ਪੁਸ਼ਟੀ ਲਈ ਵਿਦਿਆਰਥੀ ਜਾਂ ਉਸ ਦੇ ਮਾਪਿਆਂ ਦੁਆਰਾ ਪਹਿਲਾ ਦਰਜਾ ਮੈਜਿਸਟਰੇਟ ਪਾਸੋਂ ਤਸਦੀਕਸ਼ੁਦਾ ਹਲਫੀਆ ਬਿਆਨ ਦੇਣਾ ਪਵੇਗਾ, ਜਿਸ ਉੱਤੇ ਸਬੰਧਤ ਪਿੰਡ ਦੇ ਸਰਪੰਚ/ਨਗਰ ਪਾਲਿਕਾ ਦੇ ਕੌਂਸਲਰ ਆਦਿ ਦੇ ਬਤੌਰ ਗਵਾਹ ਹਸਤਾਖਰ ਹੋਣ।

1.4 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ/ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਅਧਿਐਨ ਕੇਂਦਰ ਨੂੰ ਮਿਲੀ ਐਕਰੀਡੀਏਸ਼ਨ ਕਿਸੇ ਵੀ ਸਮੇਂ ਬਿਨਾਂ ਕਿਸੇ ਨੋਟਿਸ ਦਿੱਤੇ ਰੱਦ ਕੀਤੀ ਜਾ ਸਕਦੀ ਹੈ।

**2. ਅਧਿਐਨ ਕੇਂਦਰ ਦੇ ਕਾਰਜ**

2.1 ਅਧਿਐਨ ਕੇਂਦਰ ਵੱਲੋਂ ਆਪਣੀ ਪੱਧਰ ਤੇ ਓਪਨ ਸਕੂਲ ਸਕੀਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਹਿੱਤ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ। ਇਸ ਮੰਤਵ ਲਈ ਸੈਮੀਨਾਰ, ਅਖਬਾਰਾਂ, ਟੀ.ਵੀ., ਜਨਤਕ ਸੰਚਾਰ ਸਾਧਨਾਂ ਅਤੇ ਹੋਰ ਸਮਾਜਿਕ/ਵਿਦਿਅਕ ਸੰਸਥਾਵਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ।

2.2 ਸੈਮੀਨਾਰ ਵਿੱਚ ਵਿਦਿਆਰਥੀ-ਮਾਪੇ-ਅਧਿਆਪਕ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਕਾਰਜ ਕਰਤਾਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

2.3 ਅਧਿਐਨ ਕੇਂਦਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਮੇਨ ਗੇਟ ਤੇ ਇਸ ਸਬੰਧੀ ਸੂਚਨਾ ਬੋਰਡ ਤੇ ਲਿਖ ਕੇ ਅੰਕਿਤ ਕਰੇ ਕਿ ਸਕੂਲ ਨੂੰ ਬੋਰਡ ਦੇ ਅਧਿਐਨ ਕੇਂਦਰ ਵਜੋਂ ਐਕਰੀਡੀਏਸ਼ਨ ਪ੍ਰਾਪਤ ਹੈ।

2.4 ਅਧਿਐਨ ਕੇਂਦਰ ਵਿਚ ਦਾਖਲ ਹੋਏ ਵਿਦਿਆਰਥੀਆਂ ਦੇ ਫੀਸ ਸਮੇਤ ਦਾਖਲਾ ਫਾਰਮ ਨਿਸ਼ਚਤਿ ਮਿਤੀ ਤੱਕ ਮੁੱਖ ਦਫ਼ਤਰ ਵਿਖੇ ਓਪਨ ਸਕੂਲ ਸ਼ਾਖਾ ਜਾਂ ਬੋਰਡ ਦੇ ਖੇਤਰੀ ਦਫਤਰਾਂ ਵਿਖੇ ਜਮਾ ਕਰਵਾਉਣਾ।

2.5 ਵਿਅਕਤੀਗਤ ਸੰਪਰਕ ਪ੍ਰੋਗਰਾਮ ਬੋਰਡ ਵੱਲੋਂ ਨਿਸ਼ਚਿਤ ਮਿਤੀਆਂ ਅਨੁਸਾਰ ਟਾਈਮ ਟੇਬਲ ਬਣਾ ਕੇ ਸਮੇਂ ਸਿਰ ਆਯੋਜਿਤ ਕਰਨਾ।

2.6 ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਆਂਤਰਿਕ ਟੈਸਟਾਂ ਦਾ ਆਯੋਜਨ ਕਰਨਾ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਯੋਗ ਰਿਕਾਰਡ ਰੱਖਣਾ।

2.7 ਆਂਤਰਿਕ ਮੁਲਾਂਕਣ ਪੱਤਰੀਆਂ ਦਾ ਮੁਲਾਂਕਣ ਕਰਨ ਉਪਰੰਤ ਵਿਦਿਆਰਥੀਆਂ ਨੂੰ ਅਗਵਾਈ ਲਈ ਟਿੱਪਣੀ ਦਿੰਦੇ ਹੋਏ ਉੱਤਰ ਪੱਤਰੀਆਂ ਵਾਪਸ ਕਰਨਾ।

2.8 ਦਾਖਲ ਹੋਏ ਵਿਦਿਆਰਥੀਆਂ ਨੂੰ ਲਾਇਬਰੇਰੀ/ਪ੍ਰਯੋਗਸ਼ਾਲਾ ਅਤੇ ਹੋਰ ਪ੍ਰਬੰਧਕੀ ਕੰਮਾਂ ਲਈ ਸਹਿਯੋਗ ਅਤੇ ਅਗਵਾਈ ਦੇਣਾ।

2.9 ਪ੍ਰਯੋਗੀ ਵਿਸ਼ਿਆਂ ਦੇ ਪ੍ਰਯੋਗ ਕਰਵਾਉਣਾ ਅਤੇ ਉਹਨਾਂ ਦੀਆਂ ਕਾਪੀਆਂ ਜਾਂ ਰਿਕਾਰਡ ਆਦਿ ਦੀ ਤਿਆਰੀ ਕਰਵਾਉਣਾ।

2.10 ਸਮੇਂ ਸਮੇਂ ਦਫਤਰ ਵਲੋਂ ਜਾਰੀ ਹਦਾਇਤਾਂ ਅਤੇ ਸ਼ਰਤਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਅਤੇ ਲੋੜੀਂਦੀ ਸੂਚਨਾ ਅਧਿਐਨ ਕੇਂਦਰ ਦੇ ਨੋਟਿਸ ਬੋਰਡ ਤੇ ਲਗਾਉਣਾ।

2.11 ਪਾਠ ਸਮੱਗਰੀ, ਸ਼ਨਾਖਤੀ ਕਾਰਡ, ਪ੍ਰੀਖਿਆ ਲਈ ਰੋਲ ਨੰਬਰ, ਨਤੀਜਾ ਕਾਰਡ, ਸਰਟੀਫਿਕੇਟਾਂ ਆਦਿ ਦੀ ਵੰਡ ਕਰਨਾ।

**3. ਦਾਖਲੇ ਸਬੰਧੀ ਹਦਾਇਤਾਂ**

3.1 ਵਿਦਿਆਰਥੀ ਦਾ ਦਾਖਲਾ ਫਾਰਮ ਜੋ ਕਿ ਤਿੰਨ ਪਰਤਾਂ ਵਿੱਚ ਹੋਵੇਗਾ (ਜਿਨ੍ਹਾਂ ਵਿੱਚੋਂ ਇੱਕ ਪਰਤ ਅਧਿਐਨ ਕੇਂਦਰ ਆਪਣੇ ਕੋਲ, ਦੂਸਰੀ ਪਰਤ ਬੋਰਡ ਦੀ ਪ੍ਰੀਖਿਆ ਸ਼ਾਖਾ ਅਤੇ ਤੀਸਰੀ ਪਰਤ ਬੋਰਡ ਦੀ ਓਪਨ ਸਕੂਲ ਸ਼ਾਖਾ ਨੂੰ ਭੇਜੇਗਾ)। ਦਾਖਲਾ ਫਾਰਮ ਭੇਜਣ ਤੋਂ ਪਹਿਲਾਂ ਇਹ ਤਸੱਲੀ ਕਰ ਲਈ ਜਾਵੇ ਕਿ ਤੁਸੀਂ ਪ੍ਰਾਸਪੈਕਟਸ ਵਿਚ ਦਰਜ ਨਿਯਮਾਂ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲ ਕੀਤਾ ਹੈ।

3.2 ਵਿਦਿਆਰਥੀ ਨੂੰ ਸਿਰਫ ਉਸ ਦੇ ਮਾਪਿਆਂ/ਸਰਪ੍ਰਸਤਾਂ ਰਾਹੀਂ ਹੀ ਦਾਖਲਾ ਦਿੱਤਾ ਜਾਵੇ ਅਤੇ ਫਾਰਮ ਉਤੇ ਉਹਨਾਂ ਦੇ ਹਸਤਾਖਰ ਕਰਵਾਏ ਜਾਣ।

3.3 ਅਧੂਰਾ ਭਰਿਆ ਦਾਖਲਾ ਫਾਰਮ ਕਿਸੇ ਵੀ ਹਾਲਤ ਵਿੱਚ ਵੀ ਬੋਰਡ ਦਫਤਰ ਵਿਖੇ ਨਾ ਭੇਜਿਆ ਜਾਵੇ।

3.4 ਦਾਖਲਾ ਫਾਰਮ ਵਿਚ ਦਰਜ ਸੂਚਨਾ ਅਧਿਐਨ ਕੇਂਦਰ ਵੱਲੋਂ ਪੂਰੀ ਤਰ੍ਹਾਂ ਭਰ ਕੇ ਤਸਦੀਕ ਕੀਤੀ ਜਾਣੀ ਜ਼ਰੂਰੀ ਹੈ।

3.5 ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੱਖਰੇ ਤੌਰ ਤੇ ਦਾਖਲਾ ਖਾਰਜ ਰਜਿਸਟਰ ਤਿਆਰ ਕੀਤਾ ਜਾਵੇ। ਇਸ ਵਿੱਚ ਵਿਦਿਆਰਥੀ ਦੇ ਪੂਰੇ ਵੇਰਵੇ ਦਰਜ ਹੋਣ। ਹਰ ਸਾਲ ਨਵੇਂ ਦਾਖਲ ਵਿਦਿਆਰਥੀਆਂ ਦਾ ਇੰਦਰਾਜ ਪਿਛਲੇ ਸਾਲ ਦਾਖਲ ਵਿਦਿਆਰਥੀਆਂ ਦੀ ਲਗਾਤਾਰਤਾ ਵਿੱਚ ਕੀਤਾ ਜਾਵੇ। ਲੋੜ ਪੈਣ ਤੇ ਦਫਤਰ ਵਲੋਂ ਇਹ ਰਿਕਾਰਡ ਵੇਖਿਆ ਜਾ ਸਕਦਾ ਹੈ।

3.6 ਦਾਖਲਾ ਕਰਦੇ ਸਮੇਂ ਕਿਤਾਬਚੇ ਵਿੱਚ ਲਗੀ ਦਾਖਲਾ/ਰਜਿਸਟਰੇਸ਼ਨ ਆਦਿ ਫੀਸ ਸਬੰਧੀ ਰਸੀਦ ਦਾਖਲੇ ਉਪਰੰਤ ਵਿਦਿਆਰਥੀ ਨੂੰ ਬਕਾਇਦਾ ਦਿੱਤੀ ਜਾਵੇ ਅਤੇ ਇਸ ਦੀ ਇੱਕ ਕਾਪੀ ਆਪਣੇ ਰਿਕਾਰਡ ਵਿਚ ਰੱਖੀ ਜਾਵੇ।

3.7 ਸ਼ਨਾਖਤੀ ਕਾਰਡ ਅਧਿਐਨ ਕੇਂਦਰ ਦੇ ਮੁੱਖੀ ਵਲੋਂ ਤਸਦੀਕ ਕਰਕੇ ਵਿਦਿਆਰਥੀ ਨੂੰ ਦਿੱਤਾ ਜਾਵੇ ਤਾਂ ਜੋ ਉਸ ਦੇ ਦਾਖਲੇ ਸਬੰਧੀ ਪੁਸ਼ਟੀ ਹੋ ਸਕੇ।

3.8 ਵਿਦਿਆਰਥੀ ਦੁਆਰਾ ਦਾਖਲਾ ਲੈਣ ਵੇਲੇ ਪੇਸ਼ ਕੀਤੇ ਸਾਰੇ ਦਸਤਾਵੇਜ ਅਸਲ ਰੂਪ ਵਿੱਚ ਪੜਤਾਲੇ ਜਾਣ ਅਤੇ ਇਹਨਾਂ ਦੀ ਇੱਕ ਇੱਕ ਕਾਪੀ ਆਪਣੇ ਪਾਸ ਪੱਕੇ ਰਿਕਾਰਡ ਲਈ ਰੱਖੀ ਜਾਵੇ। ਇਹਨਾਂ ਵਿਚੋਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜਾਂ ਦੀਆਂ ਫੋਟੋ ਕਾਪੀਆਂ ਤਸਦੀਕ ਕਰਨ ਉਪਰੰਤ ਦਾਖਲਾ ਫਾਰਮ ਨਾਲ ਬੋਰਡ ਨੂੰ ਭੇਜੀਆਂ ਜਾਣ।

3.9 ਦਾਖਲਾ ਫਾਰਮ ਬਣਦੀ ਫੀਸ ਸਮੇਤ ਵੇਰਵੇ ਕਿਤਾਬਚੇ ਵਿੱਚ ਨੱਥੀ ਪ੍ਰੋਫਾਰਮਾ-1 ਭਰਕੇ ਇਕੋ ਲਾਟ ਵਿੱਚ ਜਮ੍ਹਾਂ ਕਰਵਾਏ ਜਾਣ। ਨਿਸ਼ਚਿਤ ਅੰਤਿਮ ਮਿਤੀ ਤੋਂ ਅਗਲੇ ਕਾਰਜਕਾਰੀ ਦਿਨ ਤੋਂ ਬਾਅਦ ਕੋਈ ਵੀ ਫਾਰਮ ਜਾਂ ਫੀਸ ਪ੍ਰਾਪਤ ਨਹੀਂ ਕੀਤਾ ਜਾਵੇਗਾ। ਦਾਖਲ ਹੋਏ ਸਾਰੇ ਵਿਦਿਆਰਥੀਆਂ ਦੇ ਵੇਰਵੇ ਪਰੋਫਾਰਮਾ-1ਦੇ ਅਧਾਰ ਤੇ ਹਾਰਡ ਕਾਪੀ ਦੇ ਨਾਲ ਸੀ.ਡੀ. ਦੇ ਰੂਪ ਵਿੱਚ ਵੀ ਭੇਜੇ ਜਾਣ।

3.10 ਵਿਦਿਆਰਥੀ ਵੱਲੋਂ ਦਾਖਲਾ ਫਾਰਮ ਵਿੱਚ ਭਰੇ ਸਾਰੇ ਤੱਥਾਂ ਨੂੰ ਚੰਗੀ ਤਰ੍ਹਾਂ ਪੜਤਾਲ ਲਿਆ ਜਾਵੇ, ਖਾਸ ਕਰਕੇ ਕਰੈਡਿਟ ਕੈਰੀ ਦਾ ਲਾਭ ਲੈ ਰਹੇ ਵਿਦਿਆਰਥੀਆਂ ਦੇ ਦਾਖਲਾ ਫਾਰਮ ਵਿੱਚ ਭਰਿਆ ਰੋਲ ਨੰਬਰ, ਸੈਸ਼ਨ ਆਦਿ। ਜਿਸ ਸਰਟੀਫਿਕੇਟ ਦੇ ਆਧਾਰ ਤੇ ਕਰੈਡਿਟ ਕੈਰੀ ਲਾਭ ਲੈਣਾ ਹੈ, ਉਸਦੀ ਤਸਦੀਕ ਸ਼ੁਦਾ ਕਾਪੀ ਦਾਖਲਾ ਫਾਰਮ ਨਾਲ ਜ਼ਰੂਰ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

3.11 ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਯੋਗਤਾ ਸਰਟੀਫਿਕੇਟ ਪੂਰੀ ਤਰ੍ਹਾਂ ਪੜਤਾਲ ਕਰਕੇ ਤਸਦੀਕ ਕੀਤੇ ਜਾਣ। ਜਨਮ ਮਿਤੀ ਦਾ ਸਬੂਤ ਸਿਰਫ ਸੰਬੰਧਤ ਕਿਤਾਬਚਾ ਵਿੱਚ ਦਰਜ ਹਦਾਇਤਾਂ ਅਨੁਸਾਰ ਹੀ ਮੰਨਣ ਯੋਗ ਹੋਵੇਗਾ।

**4. ਪਾਠ ਸਮੱਗਰੀ ਦੀ ਵੰਡ**

4.1 ਦਾਖਲੇ ਦੀ ਅੰਤਮ ਮਿਤੀ ਉਪਰੰਤ ਆਪਣੇ ਜਿਲ੍ਹਾ/ਤਹਿਸੀਲ ਵਿਖੇ ਸਥਿਤ ਬੋਰਡ ਦੇ ਖੇਤਰੀ ਦਫਤਰਾਂ ਤੋਂ ਕਿਤਾਬਚੇ ਵਿੱਚ ਲੱਗਾ ਪ੍ਰੋਫਾਰਮਾ-2 ਭਰ ਕੇ ਪਾਠ ਸਮਗਰੀ ਪ੍ਰਾਪਤ ਕੀਤੀ ਜਾਵੇ। ਪਾਠ ਸਮੱਗਰੀ ਸਮੇਂ ਸਿਰ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਅਧਿਐਨ ਕੇਂਦਰ ਦੀ ਆਪਣੀ ਹੋਵੇਗੀ। ਮੁੱਖ ਦਫਤਰ ਵੱਲੋਂ ਡਿੱਪੂਆਂ ਨੂੰ ਪਾਠ ਸਮੱਗਰੀ ਸਬੰਧੀ ਸੂਚਿਤ ਕਰ ਦਿੱਤਾ ਜਾਵੇਗਾ।

4.2 ਖੇਤਰੀ ਦਫਤਰ ਤੋਂ ਪ੍ਰਾਪਤ ਕੀਤੀ ਪਾਠ ਸਮੱਗਰੀ ਦੀ ਵੰਡ ਤੁਰੰਤ ਵਿਦਿਆਰਥੀਆਂ ਨੂੰ ਕਰ ਦਿੱਤੀ ਜਾਵੇ।

4.3 ਪਾਠ ਸਮੱਗਰੀ ਦੀ ਵੰਡ ਸਬੰਧੀ ਰਿਕਾਰਡ ਇਕ ਰਜਿਸਟਰ ਵਿਚ ਰੱਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਕਿਸੇ ਵੀ ਸਮੇਂ ਪੜਤਾਲ ਕੀਤੀ ਜਾ ਸਕੇ। ਹਰ ਸਾਲ ਇਸੇ ਰਜਿਸਟਰ ਵਿਚ ਐਂਟਰੀ ਕੀਤੀ ਜਾਵੇ ਤਾਂ ਜੋ ਸਟਾਕ ਸਥਿਤੀ ਸਪੱਸ਼ਟ ਹੋ ਸਕੇ।

**5 ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.)**

5.1 ਇਕ ਅਕਾਦਮਿਕ ਸਾਲ ਵਿਚ 10ਵੀਂ ਅਤੇ 12ਵੀਂ ਸ਼੍ਰੇਣੀਆਂ ਲਈ ਕੁੱਲ 40 ਦਿਨਾਂ ਲਈ ਪੀ.ਸੀ.ਪੀ. ਲਗਾਏ ਜਾਣਗੇ।

5.2 ਪਹਿਲੇ ਸਮੈਸਟਰ ਦੌਰਾਨ 15 ਦਿਨ ਦਾ ਪੀ.ਸੀ.ਪੀ. ਦਾਖਲੇ ਤੋਂ ਬਾਅਦ ਅਗਸਤ ਮਹੀਨੇ ਦੇ ਪਹਿਲੇ ਹਫਤੇ ਤੋਂ ਅਤੇ ਦੂਸਰੇ ਸਮੈਸਟਰ ਵਿੱਚ 25 ਦਿਨਾਂ ਲਈ ਜਨਵਰੀ ਮਹੀਨੇ ਪੀ.ਸੀ.ਪੀ. ਲਗਾਏ ਜਾਣਗੇ।

**ਪੀ.ਸੀ.ਪੀ. ਦੌਰਾਨ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

ੳ) ਪੀ.ਸੀ.ਪੀ. ਲਗਾਉਣ ਤੋਂ 15 ਦਿਨ ਪਹਿਲਾਂ ਟਾਈਮ ਟੇਬਲ ਦੀ ਕਾਪੀ ਅਤੇ ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਨੂੰ ਵਿਦਿਅਕ ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ ਦਾਖਲੇ ਦੀ ਅੰਤਿਮ ਮਿਤੀ ਤੋਂ 45 ਦਿਨ ਦੇ ਅੰਦਰ-ਅੰਦਰ ਓਪਨ ਸਕੂਲ ਸ਼ਾਖਾ ਨੂੰ ਭੇਜੀ ਜਾਵੇ। ਦਾਖਲ ਵਿਦਿਆਰਥੀਆਂ ਨੂੰ ਪੀ.ਸੀ.ਪੀ. ਸਬੰਧੀ ਸੂਚਨਾ ਦਾਖਲਾ ਲੈਣ ਸਮੇਂ ਹੀ ਦੇ ਦਿੱਤੀ ਜਾਵੇ ਅਤੇ ਸੈਕਸ਼ਨਵਾਰ, ਵਿਸ਼ਾਵਾਰ ਅਤੇ ਗਰੁੱਪ ਅਨੁਸਾਰ ਟਾਈਮ ਟੇਬਲ ਤਿਆਰ ਕਰਕੇ ਉਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।

ਅ) ਪੀ.ਸੀ.ਪੀ. ਦੌਰਾਨ ਨਿਯਮਾਂ ਅਨੁਸਾਰ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਵਾਲੇ ਵਿਸ਼ਿਆਂ ਵਿੱਚ ਅਤੇ ਦੂਸਰੇ ਸਾਰੇ ਵਿਸ਼ਿਆਂ ਵਿੱਚ 75% ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਨ ਅਯੋਗ ਕਰਾਰ ਦਿੱਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੂਚੀ ਫਾਰਮ ਨੰ:-4 **1**0ਵੀਂ ਅਤੇ 12ਵੀਂ ਸ਼੍ਰੇਣੀ ਲਈ ਪਹਿਲੇ ਸਮੈਸਟਰ ਦੀ ਮਿਤੀ 31-08-10 ਤੱਕ ਅਤੇ ਦੂਸਰੇ ਸਮੈਸਟਰ ਦੀ 31 ਜਨਵਰੀ 2011 ਤੱਕ ਓਪਨ ਸਕੂਲ ਸ਼ਾਖਾ ਨੂੰ ਭੇਜੀ ਜਾਵੇ ਤਾਂ ਜੋ ਓਪਨ ਸਕੂਲ ਸ਼ਾਖਾ ਵਲੋਂ ਰੋਲ ਨੰਬਰ ਰੋਕਣ ਸੰਬੰਧੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ੲ) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਉਹਨਾਂ ਦੁਆਰਾ ਨਾਮਜ਼ਦ ਅਧਿਕਾਰੀ ਦੀ ਅਗੇਤੀ ਪ੍ਰਵਾਨਗੀ ਨਾਲ ਕਿਸੇ ਵਿਸ਼ੇਸ਼ ਹਾਲਤ ਵਿਚ ਹਾਜ਼ਰੀ ਸਬੰਧੀ ਛੋਟ ਲਈ ਪ੍ਰਤੀ ਬੇਨਤੀ ਉਪ ਡਾਇਰੈਕਟਰ (ਪੰਜਾਬ ਓਪਨ ਸਕੂਲ) ਨੂੰ ਭੇਜੀ ਜਾ ਸਕਦੀ ਹੈ।

ਸ) ਪੀ.ਸੀ.ਪੀ. ਦੌਰਾਨ ਹਾਜ਼ਰੀ ਰਜਿਸਟਰ ਲਗਾ ਕੇ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਦਾ ਵਿਸ਼ਾਵਾਰ ਰਿਕਾਰਡ ਰੱਖਿਆ ਜਾਵੇ।

ਕ) ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਦੇ ਬੈਠਣ ਅਤੇ ਹੋਰ ਯੋਗ ਪ੍ਰਬੰਧ ਕਰਨ ਦੀ ਜਿੰਮੇਵਾਰੀ ਅਧਿਐਨ ਕੇਂਦਰ ਦੀ ਹੋਵੇਗੀ।

ਖ) ਵਿੱਦਿਅਕ ਅਗਵਾਈ ਦੇਣ ਲਈ ਇੱਕ ਸੈਕਸ਼ਨ ਵਿਚ ਵੱਧ ਤੋਂ ਵੱਧ 60 ਵਿਦਿਆਰਥੀਆਂ ਦਾ ਗਰੁੱਪ ਬਣਾ ਲਿਆ ਜਾਵੇ। ਪ੍ਰਯੋਗੀ ਕਾਰਜਾਂ ਲਈ ਇੱਕ ਗਰੁੱਪ ਵਿੱਚ 20 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ।

ਗ) ਹਰੇਕ ਵਿਸ਼ੇ ਦੀ ਅਗਵਾਈ ਦੇਣ ਲਈ ਅਧਿਆਪਕਾਂ ਦਾ ਪ੍ਰਬੰਧ ਅਧਿਐਨ ਕੇਂਦਰ ਦੇ ਮੁੱਖੀ ਵੱਲੋਂ ਕੀਤਾ ਜਾਣਾ ਜ਼ਰੂਰੀ ਹੈ। ਇਸ ਕਾਰਜ ਲਈ ਲੋੜ ਪੈਣ ਤੇ ਪਾਰਟ ਟਾਈਮ ਅਧਿਆਪਕਾਂ ਦੀਆਂ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ।

6 **ਮੁਲਾਂਕਣ ਪੱਤਰ**

ਬੋਰਡ ਦੁਆਰਾ ਭੇਜੀ ਗਈ ਪਾਠ ਸਮਗਰੀ ਵਿੱਚ 10ਵੀਂ ਅਤੇ 12ਵੀਂ ਸ਼੍ਰੇਣੀ ਦੇ ਮੁਲਾਂਕਣ ਪੱਤਰ ਸ਼ਾਮਿਲ ਕੀਤੇ ਗਏ ਹਨ। ਵਿਦਿਆਰਥੀ ਇਹਨਾਂ ਨੂੰ ਹੱਲ ਕਰਕੇ ਹੇਠ ਲਿਖੇ ਅਨੁਸਾਰ ਅਧਿਐਨ ਕੇਂਦਰ ਵੱਲੋਂ ਨਿਸ਼ਚਿਤ ਮਿਤੀਆਂ ਤੱਕ ਆਪਣੇ ਅਧਿਐਨ ਕੇਂਦਰ ਵਿਚ ਦੇਵੇਗਾ। ਮੁਲਾਂਕਣ ਉਪਰੰਤ ਇੱਕ ਹਫਤੇ ਦੇ ਅੰਦਰ ਅੰਦਰ ਅਧਿਐਨ ਕੇਂਦਰ ਅਗਵਾਈ ਨਿਰਦੇਸ਼ਾਂ ਸਹਿਤ ਇਹ ਮੁਲਾਂਕਣ ਪੱਤਰ ਵਿਦਿਆਰਥੀ ਨੂੰ ਵਾਪਸ ਕਰੇਗਾ। ਅਧਿਐਨ ਕੇਂਦਰ ਦੁਆਰਾ ਇਸ ਬਾਰੇ ਪੂਰਾ ਰਿਕਾਰਡ ਰੱਖਿਆ ਜਾਵੇ। 10ਵੀਂ ਅਤੇ 12ਵੀਂ ਸ਼੍ਰੇਣੀਆਂ ਲਈ ਸਮੈਸਟਰ ਵਾਰ ਪਾਠਕ੍ਰਮ ਤੇ ਅਧਾਰਿਤ ਮੁਲਾਂਕਣ ਪੱਤਰ

ਹੱਲ ਕਰਕੇ ਭੇਜਣਾ ਲਾਜ਼ਮੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਦਾ ਪ੍ਰੀਖਿਆ ਲਈ ਉਮੀਦਵਾਰੀ ਹੱਕ ਰੱਦ ਕੀਤਾ ਜਾ ਸਕਦਾ ਹੈ।

**10ਵੀਂ ਅਤੇ 12ਵੀਂ ਜਮਾਤ ਲਈ ਮੁਲਾਂਕਣ ਪੱਤਰ:-**

ਪਹਿਲੇ ਸਮੈਸਟਰ ਦੇ ਮੁਲਾਂਕਣ ਪੱਤਰ: 31 ਅਗਸਤ 2010 ਤੱਕ

ਦੂਸਰੇ ਸਮੈਸਟਰ ਦੇ ਮੁਲਾਂਕਣ ਪੱਤਰ: 05 ਫਰਵਰੀ 2010 ਤੱਕ

**7. ਆਂਤਰਿਕ ਮੁਲਾਂਕਣ ਟੈਸਟ**

ਵਿਦਿਆਰਥੀਆਂ ਦੀ ਵਿਦਿਅਕ ਪ੍ਰਾਪਤੀ ਦੇ ਮੁਲਾਂਕਣ ਹਿੱਤ ਅਧਿਐਨ ਕੇਂਦਰ ਦੁਆਰਾ 10ਵੀਂ ਅਤੇ 12ਵੀਂ ਜਮਾਤ ਲਈ ਪਹਿਲੇ ਸਮੈਸਟਰ ਦੇ ਪਾਠ-ਕ੍ਰਮ ਤੇ ਅਧਾਰਿਤ ਅਗਸਤ ਮਹੀਨੇ ਅਤੇ ਦੂਸਰੇ ਸਮੈਸਟਰ ਦੇ ਪਾਠ-ਕ੍ਰਮ ਤੇ ਅਧਾਰਿਤ ਫਰਵਰੀ ਮਹੀਨੇ ਦੌਰਾਨ ਅੰਦਰੂਨੀ ਟੈਸਟ ਲਿਆ ਜਾਵੇਗਾ। ਅਧਿਐਨ ਕੇਂਦਰਾਂ ਦੁਆਰਾ ਇਹਨਾਂ ਟੈਸਟਾਂ ਦੀਆਂ ਉੱਤਰ ਪੱਤਰੀਆਂ ਦੇ ਮੁਲਾਂਕਣ ਉਪਰੰਤ ਯੋਗ ਅਗਵਾਈ ਦਿੱਤੀ ਜਾਵੇਗੀ।

8 **ਦਾਖਲਾ /ਰਜਿਸਟਰੇਸ਼ਨ / ਪ੍ਰੀਖਿਆ ਆਦਿ ਫੀਸਾਂ**

8.1 ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਦਾਖਲਾ, ਪ੍ਰੀਖਿਆ ਅਤੇ ਰਜਿਸਟਰੇਸ਼ਨ ਫੀਸਾਂ ਜ਼ਿਲ੍ਹਾ ਸਥਿਤ ਬੋਰਡ ਦੇ ਖੇਤਰੀ ਦਫਤਰਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ। **ਚੈੱਕ ਅਤੇ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ**।

8.2 ਫੀਸ ਜਮ੍ਹਾਂ ਕਰਾਉਣ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਬਿਨਾ ਲੇਟ ਫੀਸ ਅਤੇ ਲੇਟ ਫੀਸ ਸਮੇਤ ਦੀ ਕੁੱਲ ਰਾਸ਼ੀ **ਇੱਕਮੁੱਠ ਇੱਕ ਰਸੀਦ ਰਾਹੀਂ ਹੀ ਜਮ੍ਹਾਂ ਕਰਵਾਈ ਜਾਵੇ, ਨਾ ਕਿ ਛੋਟੀ ਰਕਮ ਦੀਆਂ ਵੱਖ ਵੱਖ ਰਸੀਦਾਂ** ਰਾਹੀਂ। ਵਿਦਿਆਰਥੀਆਂ ਤੋਂ ਇਹ ਫੀਸਾਂ ਨਕਦ ਪ੍ਰਾਪਤ ਕਰਕੇ ਉਸ ਦੀ ਰਸੀਦ ਉਨ੍ਹਾਂ ਨੂੰ ਦਿੱਤੀ ਜਾਵੇ।

8.3 ਵੱਖ-ਵੱਖ ਸ਼੍ਰੇਣੀਆਂ ਲਈ ਬੋਰਡ ਦੁਆਰਾ ਨਿਰਧਾਰਿਤ ਫੀਸਾਂ ਦਾ ਵੇਰਵਾ ਸੰਬੰਧਤ ਕਿਤਾਬਚੇ ਵਿੱਚ ਦਰਜ ਹੈ। ਬੋਰਡ ਇਹਨਾਂ ਫੀਸਾਂ ਵਿੱਚ ਕਿਸੇ ਸਮੇਂ ਬਿਨਾ ਕਿਸੇ ਨੋਟਿਸ ਦੇ ਪਰਿਵਰਤਨ ਕਰ ਸਕਦਾ ਹੈ।

**9. ਸੇਵਾਫਲ**

9.1 ਅਧਿਐਨ ਕੇਂਦਰ ਦੁਆਰਾ ਵਿਦਿਆਰਥੀਆਂ ਨੂੰ ਸਮੇਂ ਸਮੇਂ ਦਿੱਤੀਆਂ ਵਿਦਿਆਰਥੀ ਸਹਿਯੋਗੀ ਸੇਵਾਵਾਂ ਅਤੇ ਪੀ.ਸੀ.ਪੀ. ਆਯੋਜਨ ਲਈ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਲਈ 250/- ਰੁ: ਅਤੇ ਬਾਰ੍ਹਵੀਂ ਸ਼੍ਰੇਣੀ ਲਈ 300 ਰੁ: ਪ੍ਰਤੀ ਵਿਦਿਆਰਥੀ ਅਧਿਐਨ ਕੇਂਦਰ ਨੂੰ ਸੇਵਾਫਲ ਦੇ ਰੂਪ ਵਿੱਚ ਉਕਾ-ਪੁੱਕਾ ਅਦਾਇਗੀ ਕੀਤੀ ਜਾਵੇਗੀ।

9.2 ਸੇਵਾਫਲ ਦੀ ਅਦਾਇਗੀ ਲਈ ਅਗਵਾਈ ਪੁਸਤਕ ਵਿੱਚ ਲੱਗਾ ਪ੍ਰੋਫਾਰਮਾ ਨੰ: 5 ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਵੱਖਰਾ ਭਰਿਆ ਜਾਵੇ ਅਤੇ ਹਰ ਪੱਖੋਂ ਮੁਕੰਮਲ ਭਰ ਕੇ ਹਰ ਅਕਾਦਮਿਕ ਸਾਲ ਦੇ 30 ਅਪ੍ਰੈਲ ਤੱਕ ਬੋਰਡ ਦਫਤਰ ਵਿਖੇ ਭੇਜਿਆ ਜਾਵੇ। ਇਸ ਉਪਰੰਤ ਕੋਈ ਵੀ ਸੇਵਾਫਲ ਪ੍ਰੋਫਾਰਮਾ ਅਦਾਇਗੀ ਲਈ ਸਵੀਕਾਰ ਨਹੀਂ ਕੀਤਾ ਜਾਵੇਗਾ।

**10. ਸਜਾ ਤੇ ਜੁਰਮਾਨਾ**

ਅਧਿਐਨ ਕੇਂਦਰ ਵੱਲੋਂ ਦਰਸਾਏ ਤੱਥਾਂ ਵਿੱਚ ਜੇਕਰ ਹੇਠ ਲਿਖੇ ਅਨੁਸਾਰ ਕੋਈ ਤਰੁੱਟੀ/ਊਣਤਾਈ ਪਾਈ ਗਈ ਤਾਂ ਬੋਰਡ ਵਲੋਂ ਨਿਯਮਾਂ ਅਨੁਸਾਰ ਸਜਾ ਜਾਂ ਜੁਰਮਾਨਾ ਜਾਂ ਇਕੋ ਸਮੇਂ ਦੋਵੇਂ ਕੀਤੇ ਜਾ ਸਕਦੇ ਹਨ:

10.1 ਅਧਿਐਨ ਕੇਂਦਰ ਵੱਲੋਂ ਗਲਤ/ਨਕਲੀ ਯੋਗਤਾ ਸਰਟੀਫਿਕੇਟ ਦੇ ਆਧਾਰ ਤੇ ਦਾਖਲਾ ਕਰਕੇ ਭੇਜਣਾ।

10.2 ਅਧੂਰੇ ਦਾਖਲਾ ਫਾਰਮ ਭੇਜਣਾ।

10.3 ਦਾਖਲ ਹੋਏ ਵਿਦਿਆਰਥੀਆਂ ਦੀ ਕੁੱਲ ਬਣਦੀ ਦਾਖਲਾ/ਰਜਿਸਟਰੇਸ਼ਨ/ਪ੍ਰੀਖਿਆ ਫੀਸ ਜਾਣ ਬੁੱਝ ਕੇ ਘੱਟ ਭੇਜਣਾ।

10.4 ਵਿਦਿਆਰਥੀਆਂ ਪਾਸੋਂ ਬੋਰਡ ਦੁਆਰਾ ਨਿਰਧਾਰਤ ਫੀਸਾਂ ਤੋਂ ਇਲਾਵਾ ਕੋਈ ਹੋਰ ਫੀਸ ਲੈਣਾ।

10.5 ਵਿਦਿਆਰਥੀ ਦਾ ਦਾਖਲਾ ਫਾਰਮ ਅਤੇ ਦਾਖਲਾ/ਰਜਿਸਟ੍ਰੇਸ਼ਨ/ਪ੍ਰੀਖਿਆ ਫੀਸ ਨਿਸ਼ਚਿਤ ਮਿਤੀ ਤੱਕ ਨਾ ਭੇਜਣਾ ਜਾਂ ਪ੍ਰੀਖਿਆ ਦੇ ਸਮੇਂ ਤੱਕ ਆਪਣੇ ਕੋਲ ਹੀ ਰੱਖ ਛੱਡਣਾ ਸਜਾਯੋਗ ਹੈ।

10.6 ਵਿਦਿਆਰਥੀਆਂ ਨੂੰ ਅਕਾਦਮਿਕ ਲਾਭ ਦੇ ਕੇ ਧੋਖੇ ਵਿੱਚ ਰੱਖਣਾ ਜਾਂ ਨਿਰਧਾਰਤਿ ਫੀਸਾਂ ਤੋਂ ਵੱਧ ਫੀਸ ਵਸੂਲਣਾ।

10.7 ਦਾਖਲਾ ਖਾਰਜ ਰਜਿਸਟਰ ਪੂਰੀ ਤਰ੍ਹਾਂ ਤਿਆਰ ਨਾ ਕਰਨਾ ਅਤੇ ਬਿਨਾਂ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਦੇ ਇਸ ਵਿੱਚ ਕੀਤੇ ਇੰਦਰਾਜਾਂ ਵਿੱਚ ਤਬਦੀਲੀ ਕਰਨਾ ਜਾਂ ਦਾਖਲੇ ਸਬੰਧੀ ਪੂਰਾ ਰਿਕਾਰਡ ਨਾ ਰੱਖਣਾ।

10.8 ਨਿਸ਼ਚਿਤ ਮਿਤੀਆਂ ਤੇ ਪੀ.ਸੀ.ਪੀ. ਆਯੋਜਿਤ ਨਾ ਕਰਨਾ ਤੇ ਇਸ ਸਬੰਧੀ ਦਸਤਾਵੇਜ ਨਿਸ਼ਚਿਤ ਮਿਤੀ ਤੱਕ ਦਫਤਰ ਨੂੰ ਨਾ ਭੇਜਣਾ।

10.9 ਵਿਦਿਆਰਥੀ ਕੋਲੋਂ ਪ੍ਰਾਪਤ ਕੀਤੀ ਦਾਖਲਾ/ਪ੍ਰੀਖਿਆ/ਰਜਿਸਟਰੇਸ਼ਨ ਫੀਸ ਦੀ ਪ੍ਰਾਪਤੀ ਰਸੀਦ ਵਿਦਿਆਰਥੀ ਨੂੰ ਨਾ ਦੇਣਾ।

10.9 ਦੂਹਰੀ ਪਾਤਰਤਾ ਰਾਹੀਂ ਬੋਰਡ ਨੂੰ ਧੋਖੇ ਵਿਚ ਰੱਖਣਾ ਅਰਥਾਤ ਇੱਕੋ ਜਮਾਤ ਲਈ ਇੱਕ ਤੋਂ ਵੱਧ ਦਾਖਲਾ/ਪ੍ਰੀਖਿਆ ਫਾਰਮ ਭਰਨਾ।

10.11 ਦਾਖਲਾ ਫਾਰਮ ਵਿੱਚ ਤੱਥਾਂ ਨੂੰ ਜਾਣ ਬੁੱਝ ਕੇ ਗਲਤ ਭਰਨਾ ਜਾਂ ਯੋਗਤਾ ਸਬੰਧੀ ਸਰਟੀਫਿਕੇਟਾਂ ਵਿਚ ਜਾਣਬੁੱਝ ਕੇ ਛੇੜਛਾੜ ਕਰਨਾ।

10.12 ਪਾਠ ਸਮੱਗਰੀ ਦੀ ਸਹੀ ਵੰਡ ਨਾ ਕਰਨਾ ਅਤੇ ਵੰਡ ਸਬੰਧੀ ਰਿਕਾਰਡ ਨਾ ਰੱਖਣਾ ਜਾਂ ਲੋੜ ਤੋਂ ਵੱਧ ਪਾਠ ਸਮੱਗਰੀ ਪ੍ਰਾਪਤ ਕਰਨਾ।

10.13 ਆਪਣੀ ਤਹਿਸੀਲ ਤੋਂ ਇਲਾਵਾ ਕਿਸੇ ਹੋਰ ਤਹਿਸੀਲ ਦੇ ਵਸਨੀਕ ਨੂੰ ਬਿਨਾ ਅਗੇਤੀ ਵਿਸ਼ੇਸ਼ ਆਗਿਆ ਦਾਖਲਾ ਦੇਣਾ।

10.14 ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਸਮੀ ਸਿੱਖਿਆ ਅਧੀਨ ਦਾਖਲ ਕੀਤੇ ਰੈਗੂਲਰ ਵਿਦਿਆਰਥੀਆਂ ਦੇ ਨਾਲ ਸਕੂਲ ਸਮੇਂ ਦੌਰਾਨ ਅਗਵਾਈ ਦੇਣਾ ਅਤੇ ਉਹਨਾਂ ਪਾਸੋਂ ਇਸ ਕਾਰਜ ਲਈ ਫੀਸ ਆਦਿ ਵਸੂਲ ਕਰਨਾ।

10.15 ਦਫਤਰ ਵੱਲੋਂ ਸਮੇਂ ਸਮੇਂ ਦਿੱਤੀਆਂ ਹਦਾਇਤਾਂ ਦੀ ਸਮੇਂ ਸਿਰ ਪਾਲਣਾ ਨਾ ਕਰਨਾ।

ਉਪਰੋਕਤ ਜਾਂ ਇਹਨਾਂ ਤੋਂ ਇਲਾਵਾ ਨਿਯਮਾਂ ਦੇ ਵਿਰੁੱਧ ਕਾਰਵਾਈ ਕਰਨ ਤੇ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਅਧਿਐਨ ਕੇਂਦਰ ਨੂੰ ਕੋਈ ਵੀ ਸਜਾ, ਜਿਵੇਂ ਕਿ ਅਧਿਐਨ ਕੇਂਦਰ ਰੱਦ ਕਰਨਾ, ਸੇਵਾਫਲ ਦੀ ਕੀਤੀ ਜਾਣ ਵਾਲੀ ਅਦਾਇਗੀ ਰੱਦ ਕਰਨਾ, ਨਕਦ ਰੂਪ ਵਿਚ ਜੁਰਮਾਨਾ, ਐਫੀਲੀਏਸ਼ਨ ਰੱਦ ਕਰਨਾ ਆਦਿ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਸਜਾਵਾਂ ਦਿੱਤੀਆਂ ਜਾ ਸਕਦੀਆਂ ਹਨ।

**11 ਅਗਵਾਈ ਪੁਸਤਕ ਵਿੱਚ ਲੱਗੇ ਪ੍ਰੋਫਾਰਮੇ ਭੇਜਣ ਬਾਰੇ:**

ਪ੍ਰੋਫਾਰਮਾ–1 ਦਾਖਲਾ ਫੀਸ/ਰਜਿਸਟ੍ਰੇਸ਼ਨ ਫੀਸ ਪ੍ਰੋਫਾਰਮਾ ਬਿਨਾ ਲੇਟ/ਲੇਟ ਫੀਸ ਨਿਰਧਾਰਿਤ ਮਿਤੀ ਤੱਕ

ਪ੍ਰੋਫਾਰਮਾ–2 ਪਾਠ ਸਮੱਗਰੀ ਪ੍ਰਾਪਤੀ ਫਾਰਮ

............................

ਪ੍ਰੋਫਾਰਮਾ–3 ਪਾਠ ਸਮੱਗਰੀ ਵੰਡ ਸਰਟੀਫਿਕੇਟ

ਪ੍ਰੋਫਾਰਮਾ–4 ਅਯੋਗ ਵਿਦਿਆਰਥੀ ਫਾਰਮ ਪਹਿਲੇ ਸਮੈਸਟਰ ਮਿਤੀ 15 ਅਗਸਤ ਤੇ ਦੂਸਰੇ ਸਮੈਸਟਰ ਦੀ 15 ਜਨਵਰੀ ਤੱਕ

ਪ੍ਰੋਫਾਰਮਾ–5 ਸੇਵਾਫਲ ਅਦਾਇਗੀ ਫਾਰਮ 30 ਅਪ੍ਰੈਲ ਤੱਕ

ਸਾਰੇ ਪ੍ਰੋਫਾਰਮੇ ਉਪਰੋਕਤ ਅਨੁਸਾਰ ਸਮੇਂ ਸਮੇਂ ਉਪ ਡਾਇਰੈਕਟਰ (ਓਪਨ ਸਕੂਲ) ਪੰਜਾਬ ਸਕੂਲ ਸਿਖਿਆ ਬੋਰਡ, ਫੇਜ–9, ਵਿਦਿਆ ਭਵਨ, ਮੋਹਾਲੀ ਨੂੰ ਭੇਜੇ ਜਾਣੇ ਅਤਿ ਜ਼ਰੂਰੀ ਹਨ। ਸਿਰਫ ਫਾਰਮ ਨੰ: 2 ਸਬੰਧੰਤ ਖੇਤਰੀ ਦਫਤਰ ਵਿਖੇ ਜਮ੍ਹਾ ਕਰਵਾਇਆ ਜਾਵੇ।

**12 ਅਧਿਐਨ ਕੇਂਦਰ ਦੁਆਰਾ ਦਾਖਲੇ ਸਮੇਂ ਵਿਦਿਆਰਥੀ ਤੋਂ ਲਏ ਜਾਣ ਵਾਲੇ ਦਸਤਾਵੇਜ਼:–**

1. ਪੂਰੀ ਤਰ੍ਹਾਂ ਭਰਿਆ ਹੋਇਆ ਅਸਲ ਦਾਖਲਾ ਫਾਰਮ ਤਿੰਨ ਪਰਤਾਂ ਵਿੱਚ।
2. ਵਿਦਿਆਰਥੀ ਦੀਆਂ 8 ਪਾਸ ਪੋਰਟ ਸਾਈਜ ਦੀਆਂ ਫੋਟੋਗਰਾਫ ਜੋ ਹੇਠ ਲਿਖੇ ਅਨੁਸਾਰ ਚਿਪਕਾਈਆਂ ਜਾਣ:

ੳ) ਦਾਖਲਾ ਫਾਰਮ ਉੱਤੇ– 2 ਹਰੇਕ ਪਰਤ ਤੇ

ਅ) ਸ਼ਨਾਖਤੀ ਕਾਰਡ ਉੱਤੇ–1

ੲ) ਸਕੂਲ ਦੇ ਰਿਕਾਰਡ ਵਿੱਚ–1

**3. ਯੋਗਤਾ ਸਰਟੀਫਿਕੇਟ**

3.1 **ਮੈਟ੍ਰਿਕੁਲੇਸ਼ਨ ਕੋਰਸ** : ਹੇਠ ਲਿਖਿਆਂ ਵਿੱਚੋਂ ਕੋਈ ਇਕ ਦਸਤਾਵੇਜ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ; ਦੋ ਅਕਾਦਮਿਕ ਸਾਲ ਪਹਿਲਾਂ ਅੱਠਵੀਂ ਜਮਾਤ ਪਾਸ ਕਰਨ ਦਾ ਸਰਟੀਫਿਕੇਟ

ਜਾਂ

ਦਸਵੀਂ ਜਮਾਤ ਵਿਚੋਂ ਫੇਲ੍ਹ ਵਿਦਿਆਰਥੀ ਦਾ ਦਸਵੀਂ ਫੇਲ੍ਹ ਦਾ ਨਤੀਜਾ ਕਾਰਡ

ਜਾਂ

ਦਸਵੀਂ ਕੰਪਾਰਟਮੈਂਟ/ਰੀਅਪੀਅਰ ਦਾ ਸਰਟੀਫਿਕੇਟ ਜਿਸ ਅਨੁਸਾਰ ਉਸ ਦੇ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

ਜਾਂ

17 ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀ ਦੀ ਉਮਰ ਦੇ ਸਬੂਤ ਵਜੋਂ ਪ੍ਰਾਸਪੈਕਟਸ ਵਿਚ ਦਰਜ ਕੋਈ ਇੱਕ ਦਸਤਾਵੇਜ।

3.3 **ਸੀਨੀਅਰ ਸੈਕੰਡਰੀ ਕੋਰਸ**

ਘੱਟੋ ਘੱਟ ਦੋ ਅਕਾਦਮਿਕ ਸਾਲ ਪਹਿਲਾਂ ਦਸਵੀਂ ਪਾਸ ਦਾ ਸਰਟੀਫਿਕੇਟ

ਜਾਂ

ਬਾਰਵੀਂ ਫੇਲ੍ਹ ਦਾ ਸਰਟੀਫਿਕੇਟ

ਜਾਂ

ਬਾਰਵੀਂ ਕੰਪਾਰਟਮੈਂਟ/ਰੀਅਪੀਅਰ ਦਾ ਸਰਟੀਫਿਕੇਟ ਜਿਸ ਅਨੁਸਾਰ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

ਘੱਟੋ ਘੱਟ ਦੋ ਅਕਾਦਮਿਕ ਸਾਲ ਪਹਿਲਾਂ ਪੰਜਾਬ ਸਕੂਲ ਸਿਖਿਆ ਬੋਰਡ ਜਾਂ ਇਸ ਦੇ ਬਰਾਬਰ ਦੀ ਦਸਵੀਂ ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਦਾ ਸਰਟੀਫਿਕੇਟ ਜਿਸ ਅਨੁਸਾਰ ਉਸ ਦੀ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ। ਅਜਿਹੇ ਵਿਦਿਆਰਥੀ ਦਾ ਦਸਵੀਂ ਪਾਸ ਦਾ ਸਰਟੀਫਿਕੇਟ ਹਰ ਹਾਲਤ ਵਿਚ ਨਤੀਜਾ ਨਿਕਲਣ ਤੋਂ 10-15 ਦਿਨਾਂ ਤੱਕ ਭੇਜਿਆ ਜਾਣਾ ਲਾਜਮੀ ਹੈ।

3.4 ਸਬੰਧਤ ਤਹਿਸੀਲ ਦੇ ਵਸਨੀਕ ਹੋਣ ਸਬੰਧੀ ਹਲਫੀਆ ਬਿਆਨ ਬੋਰਡ ਦੇ ਸਮਰੱਥ ਅਧਿਕਾਰੀ ਪਾਸੋਂ ਤਹਿਸੀਲ ਤੋਂ ਬਾਹਰ ਦਾਖਲਾ ਲੈਣ ਦੀ ਪ੍ਰਵਾਨਗੀ ਅਤੇ ਉਸ ਦੀ ਇੱਕ ਫੋਟੋ ਕਾਪੀ।

3.5 ਨਿਯਮਾਂ ਅਨੁਸਾਰ ਬਣਦੀ ਦਾਖਲਾ ਅਤੇ ਰਜਿਸਟ੍ਰੇਸ਼ਨ ਫੀਸ ਪ੍ਰਾਪਤੀ ਰਸੀਦ ਦੋ ਪਰਤਾਂ ਵਿੱਚ।

3.6 ਐਸ.ਸੀ./ਬੀ.ਸੀ./ਅਪੰਗ ਹੋਣ ਸਬੰਧੀ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ।

**13 ਅਧਿਐਨ ਕੇਂਦਰ ਦੁਆਰਾ ਬੋਰਡ ਨੂੰ ਭੇਜੇ ਜਾਣ ਵਾਲੇ ਦਸਤਾਵੇਜ:-**

**(ੳ) ਦਾਖਲੇ ਸਮੇਂ:-**

1. ਬੋਰਡ ਦੀਆਂ ਹਦਾਇਤਾਂ ਅਨੁਸਾਰ ਪੂਰੇ ਵੇਰਵਿਆਂ ਸਹਿਤ ਦਾਖਲਾ ਫਾਰਮ ਦੀਆਂ ਦੋ ਪਰਤਾਂ, ਮੈਟ੍ਰਿਕ ਲਈ ਉਪਰੋਕਤ ਲੜੀ ਨੰ: 3 ਵਿੱਚੋਂ ਵਿਦਿਆਰਥੀ ਦੀ ਯੋਗਤਾ ਸਿੱਧ ਕਰਕੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
2. ਮੈਟ੍ਰਿਕ ਲਈ ਉਪਰੋਕਤ ਲੜੀ ਨੰ: 3 ਵਿੱਚੋਂ ਵਿਦਿਆਰਥੀ ਦੀ ਯੋਗਤਾ ਸਿੱਧ ਕਰਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
3. ਸੀਨੀਅਰ ਸੈਕੰਡਰੀ ਲਈ ਉਪਰੋਕਤ ਲੜੀ ਨੰ: 3 ਵਿਚੋਂ ਵਿਦਿਆਰਥੀ ਦੀ ਯੋਗਤਾ ਸਿੱਧ ਕਰਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
3. ਐਸ.ਸੀ./ਬੀ.ਸੀ. ਆਦਿ ਕੈਟੇਗਰੀ ਲਈ ਸਮਰਥ ਅਧਿਕਾਰੀ ਦੁਆਰਾ ਜਾਰੀ ਸਰਟੀਫਿਕੇਟ ਦੀ ਤਸਦੀਕ ਸ਼ਦਾ ਫੋਟੋ ਕਾਪੀ।

4. ਦਾਖਲਾ ਅਤੇ ਰਜਿਸਟ੍ਰੇਸ਼ਨ ਫੀਸ ਦੇ ਵੇਰਵਿਆਂ ਸਹਿਤ ਨਿਰਧਾਰਿਤ ਪਰੋਫਾਰਮਾ।

**(ੲ) ਪੀ.ਸੀ.ਪੀ. ਅਤੇ ਪਾਠ ਸਮੱਗਰੀ ਸੰਬੰਧੀ**

1. ਟਾਈਮ ਟੇਬਲ ਦੀ ਕਾਪੀ।
2. ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ।
3. ਪੀ.ਸੀ.ਪੀ. ਤੋਂ ਛੋਟ ਲੈਣ ਵਾਲੇ ਵਿਦਿਆਰਥੀਆਂ ਦੀਆਂ ਪ੍ਰਤੀ ਬੇਨਤੀ।
4. (ਫਾਰਮ ਨੰ:4) ਪੀ.ਸੀ.ਪੀ. ਦੌਰਾਨ ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਨ ਅਯੋਗ ਵਾਲੇ ਵਿਦਿਆਰਥੀਆਂ ਦੀ ਸੂਚੀ।
5. ਵਿਦਿਆਰਥੀਆਂ ਨੂੰ ਪਾਠ ਸਮਗਰੀ ਵੰਡ ਦਾ ਸਰਟੀਫਿਕੇਟ

**(ਸ) ਕਿਤਾਬਚੇ ਵਿੱਚ ਲੱਗੇ ਹੋਰ ਪ੍ਰਫਾਰਮੇ।**

**14. ਅਧਿਐਨ ਕੇਂਦਰ ਦੇ ਰਿਕਾਰਡ ਵਿੱਚ ਰੱਖੇ ਜਾਣ ਵਾਲੇ ਦਸਤਾਵੇਜ:**

1. ਬੋਰਡ ਨੂੰ ਭੇਜੇ ਗਏ ਹਰੇਕ ਦਸਤਾਵੇਜਾਂ ਦੀ ਇੱਕ-ਇੱਕ ਫੋਟੋ ਕਾਪੀ।
2. ਉਪਰੋਕਤ ਤੋਂ ਇਲਾਵਾ ਦਾਖਲੇ ਸਮੇਂ ਵਿਦਿਆਰਥੀਆਂ ਪਾਸੋਂ ਪ੍ਰਾਪਤ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ । (ਅਸਲ ਸਰਟੀਫਿਕੇਟ ਪੜਤਾਲ ਉਪਰੰਤ ਵਿਦਿਆਰਥੀ ਨੂੰ ਵਾਪਸ ਕਰ ਦਿੱਤੇ ਜਾਣ)।
3. ਦਾਖਲ ਵਿਦਿਆਰਥੀਆਂ ਦਾ ਦਾਖਲਾ ਖਾਰਜ ਰਜਿਸਟਰ। (ਪਹਿਲੇ ਰਿਕਾਰਡ ਨਾਲ ਲਗਾਤਾਰਤਾ ਕਾਇਮ ਰੱਖਦੇ ਹੋਏ)
4. ਓਪਨ ਸਕੂਲ ਸਬੰਧੀ ਕਾਰਜ ਨਾਲ ਸਬੰਧਤ ਪੱਤਰ ਵਿਹਾਰ ਦੇ ਰਿਕਾਰਡ ਹਿਤ ਡਾਇਰੀ ਅਤੇ ਡਿਸਪੈਚ ਰਜਿਸਟਰ।
5. ਪਾਠ ਸਮੱਗਰੀ ਦੀ ਵੰਡ ਸੰਬੰਧੀ ਰਿਕਾਰਡ ਦਾ ਰਜਿਸਟਰ।
6. ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਹਾਜ਼ਰੀ ਰਜਿਸਟਰ।

**15. ਅਧਿਐਨ ਕੇਂਦਰ ਵਲੋਂ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਦਸਤਾਵੇਜ਼/ਸਰਟੀਫਿਕੇਟ**

1. ਵਿਸ਼ਵਾਰ ਪਾਠ ਸਮੱਗਰੀ।
2. ਪ੍ਰਾਪਤ ਫੀਸਾਂ ਦੀਆਂ ਰਸੀਦਾਂ (ਦਾਖਲਾ ਫੀਸ, ਰਜਿਸਟ੍ਰੇਸ਼ਨ ਫੀਸ, ਪ੍ਰੀਖਿਆ ਫੀਸ ਆਦਿ)
3. ਪੀ.ਸੀ.ਪੀ. ਦੇ ਸ਼ਡਿਊਲ ਦੀ ਕਾਪੀ।
4. ਰੋਲ ਨੰਬਰ, ਨਤੀਜਾ ਕਾਰਡ ਅਤੇ ਸਰਟੀਫਿਕੇਟ।
5. ਵਿਦਿਆਰਥੀ ਦੀ ਮੰਗ ਅਨੁਸਾਰ ਆਚਰਨ (ਕਰੈਕਟਰ) ਸਰਟੀਫਿਕੇਟ।
6. ਤਸਦੀਕ ਕਰਨ ਉਪਰੰਤ ਸ਼ਨਾਖਤੀ ਕਾਰਡ।

ਕਿਤਾਬਚੇ ਵਿੱਚ ਦਰਜ ਹਦਾਇਤਾਂ/ਅਗਵਾਈ ਲੀਹਾਂ ਵਿਚ ਦਰਜ ਨਿਯਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਇਹਨਾਂ ਤੋਂ ਇਲਾਵਾ ਜੇਕਰ ਫਿਰ ਵੀ ਕੋਈ ਹਦਾਇਤ/ਅਗਵਾਈ ਦੀ ਕੋਈ ਹੋਰ ਜ਼ਰੂਰਤ ਹੋਈ ਤਾਂ ਵੱਖਰੇ ਤੌਰ ਤੇ ਅਧਿਐਨ ਕੇਂਦਰਾਂ ਨੂੰ ਸੂਚਨਾ ਭੇਜ ਦਿੱਤੀ ਜਾਵੇਗੀ।